ਗਿਆਨ ਪਰਚੰਡ

# ‘ਜਪੁ’ ਜੀ ਸਾਹਿਬ

## ਸੁਆਲ – ਜੁਆਬ ਅਤੇ ਸਟੀਕ

**ਨਿਤਨੇਮ**

ਸਟੀਕ ਤੋਂ ਵੀ ਕਰੀਏ

ਵੀਚਾਰੀਏ ਤੇ ਕਮਾਈਏ

**ਗੁਰਬਾਣੀ**

ਪ੍ਰੇਮ ਭਿੱਜੀ ਖੋਜੀ

ਬਿਰਤੀ ਨਾਲ

ਵੀਚਾਰੀਏ ਤੇ ਕਮਾਈਏ

ਗਿਆਨ ਖੜਗ

Sword of Enlightenment

**ਸੁਕ੍ਰਿਤ ਟਰੱਸਟ**

**Gian Parchand - Jap Ji Sahib - Swal Jwab Te Steek**

by

**Renuka Sarabjeet Singh**
(+91) 98146-12004
singh.renukass@gmail.com

© ਸੁਕ੍ਰਿਤ

ਪਹਿਲੀ ਛਾਪ - ਸਤੰਬਰ, 2005

**ਸੋਧਿਆ ਤੇ ਵਧਿਆ ਐਡੀਸ਼ਨ**

15 ਵੀਂ ਛਾਪ - ਨਵੰਬਰ, 2013

(Available in English and Hindi also)

ਭੇਟਾ - 30/- ਰੁਪਏ

ISBN-978-81-909367-2-9

**ਪ੍ਰਕਾਸ਼ਕ:**

**Sukrit Trust**
3454, Phase-2, Dugri, Ludhiana (Punjab, India)
097813-39898, 098556-12005, 0161-6416980
www.sukrit.org, sukrittrust@gmail.com

**ਛਾਪਕ**
**ਪ੍ਰਿੰਟਵੈੱਲ,** ਅੰਮ੍ਰਿਤਸਰ



# ਤਤਕਰਾ


**1. ‘ਜਪੁ’ ਜੀ ਸਾਹਿਬ -- ਸੁਆਲ - ਜੁਆਬ** ੫

2. ਦੋ ਕੰਨ ਜਾਂ ਚਾਰ ਕੰਨ ੨੦

**3. ‘ਜਪੁ’ ਜੀ ਸਾਹਿਬ -- ਭਾਵ ਅਰਥ (ਟੀਕਾ)** ੨੧

4. ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ੭੩

**5. ਸੁਰਤਿ ਉੱਚੀ ਕਰਨ ਵਾਲੀਆਂ ‘ਅਸੰਖ’ ਦੀਆਂ ਪਉੜੀਆਂ** ੭੫

6. ‘ਜਪੁ’ ਵੀਚਾਰ ਦੇ ਪੜਾਅ ੭੭

**7. ‘ਜਪੁ’ ਸ਼ਬਦਵਾਲੀ - ਰੋਜ਼ਾਨਾ ਬੋਲਚਾਲ ਦੀ ਸ਼ਬਦਾਵਲੀ ਬਣੇ** ੭੮

8. ‘ਜਪੁ’ - ਰਤਨ, ਜਵਾਹਰ, ਮਾਣਿਕ ੭੯

**9. ‘ਜਪੁ’ - ਗੁਰਮਤਿ ਵਿਚਾਰਧਾਰਾ ਦਾ ਸੋਮਾ** ੮੦

10. ਮੁਕਾਬਲਿਆਂ ਲਈ ਕੁਝ ਮਾਡਲ ਸੁਆਲ ੯੦

**11. ਵਡਿਆਈ ਵੀਚਾਰੁ** ੯੧

12. ਜੋਦੜੀ - ਲੇਖਕ ਵੱਲੋਂ ੯੬

## ਗੁਰਬਾਣੀ ਪੜ੍ਹਨ ਦੇ 5 ਢੰਗ

੧. ਬੋਲ-ਬੋਲ ਕੇ

੨. ਰੁਕ-ਰੁਕ ਕੇ

੩. ਸਮਝ-ਸਮਝ ਕੇ

੪. ਮੁਸਕੁਰਾ-ਮੁਸਕੁਰਾ ਕੇ

੫. ਬਾਰ-ਬਾਰ

ਪਿਆਰ ਨਾਲ, ਵੀਚਾਰ ਕੇ ਬਾਣੀ ਪੜੀਏ
ਇੰਝ ਕਿ ਮੂੰਹ ਬਾਣੀ ਪੜ੍ਹੇ ਅਤੇ ਮਨ ਅਰਥ ਵੀਚਾਰੇ।
ਜਿਵੇਂ-ਜਿਵੇਂ ਮੂੰਹ ਨਾਲ ਬਾਣੀ ਪੜੀਏ, ਮਨ ਵਿੱਚ ਅਰਥ-ਵੀਚਾਰ ਚਲਦੀ ਰਹੇ

### ਹੋਰ ਪੁਸਤਕਾਂ

### ਸੁਆਲ - ਜੁਆਬ ਤੇ ਸਟੀਕ

1. ਜਪੁ ਜੀ ਸਾਹਿਬ - ਸੁਆਲ-ਜੁਆਬ **(ਗਿਆਨ ਪਰਚੰਡ)**
2. ਜਾਪੁ ਸਾਹਿਬ, ਸਵੱਯੇ - ਸੁਆਲ-ਜੁਆਬ ਤੇ ਸਟੀਕ **(ਸਦਾ ਅੰਗ ਸੰਗੇ)**
3. ਅਨੰਦ ਸਾਹਿਬ - ਸੁਆਲ ਜੁਆਬ **(ਅਨੰਦ ਭਇਆ ...)**
4. ਰਹਰਾਸਿ ਤੇ ਸੋਹਿਲਾ ਸਾਹਿਬ - ਸੁਆਲ-ਜੁਆਬ
5. ਸੁਖਮਨੀ ਸਾਹਿਬ - ਸੁਆਲ-ਜੁਆਬ **(ਸੁੱਖਾਂ ਦੀ ਮਣੀ)**
6. ਆਸਾ ਕੀ ਵਾਰ - ਸੁਆਲ-ਜੁਆਬ **(ਸਦਾ ਅਨੰਦਿ ਰਹਹਿ ਦਿਨੁ ਰਾਤੀ)**
7. ਦੁਖ ਭੰਜਨੀ - ਸੁਆਲ-ਜੁਆਬ **(ਦੁਖ ਭੰਜਨ ਤੇਰਾ ਨਾਮ ਜੀ)**

### ਪ੍ਰੈਸ ਵਿੱਚ

1. ਸਿਧ ਗੋਸਟਿ - ਸੁਆਲ-ਜੁਆਬ





# ਜਪੁ ਜੀ ਸਾਹਿਬ

## ਸੁਆਲ-ਜੁਆਬ

**1. 'ਜਪੁ' ਦਾ ਕੀ ਭਾਵ ਹੈ?**

**'ਜਪੁ'** ਦਾ ਅਰਥ ਹੈ ਸਿਮਰਨ। ਪ੍ਰਭੂ ਦਾ ਸਿਮਰਨ ਹੀ ਸਾਡੀ ਤੇ ਪ੍ਰਭੂ ਵਿਚਲੀ ਦੂਰੀ ਨੂੰ ਮਿਟਾ ਸਕਦਾ ਹੈ। ਬਾਣੀ **'ਜਪੁ'** ਵਿਚ ਇਸ ਸਿਮਰਨ ਦੀ ਹੀ ਵਿਆਖਿਆ ਕੀਤੀ ਗਈ ਹੈ। ਇਸ ਲਈ ਇਸ ਦਾ ਨਾਮ **'ਜਪੁ'** ਹੈ।

**2. ਬਾਣੀ 'ਜਪੁ' ਵਿਚ ਕਿੰਨੇ ਸਲੋਕ ਤੇ ਕਿੰਨੀਆਂ ਪਉੜੀਆਂ ਹਨ ?**

ਬਾਣੀ **'ਜਪੁ'** ਵਿੱਚ **ਦੋ ਸਲੋਕ** ਅਤੇ **38 ਪਉੜੀਆਂ** ਹਨ।

ਪਹਿਲਾ ਸਲੋਕ, '**ਆਦਿ ਸਚੁ ਜੁਗਾਦਿ ਸਚੁ** .........' ਬਾਣੀ ਦੇ ਅਰੰਭ ਵਿੱਚ ਹੈ ਅਤੇ ਦੂਜਾ ਸਲੋਕ , '**ਪਵਣੁ ਗੁਰੂ ਪਾਣੀ ਪਿਤਾ**.........' ਬਾਣੀ ਦੇ ਅਖੀਰ ਵਿੱਚ ਹੈ।

**3. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ 'ਜਪੁ' ਕਿਥੇ ਦਰਜ ਹੈ ?**

ਬਾਣੀ 'ਜਪੁ', ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿੱਚ ਅੰਗ ੧ ਤੋਂ ੮ (Page 1 to 8) ਤੱਕ ਦਰਜ ਹੈ।

**4. ਬਾਣੀ 'ਜਪੁ' ਵਿਚ ਰਹਾਉ ਦਾ ਫੁਰਮਾਨ ਕੀ ਹੈ?**

ਇਸ ਬਾਣੀ ਵਿਚ **ਰਹਾਉ** ਨਹੀਂ ਹੈ। **ਰਹਾਉ** ਦਾ ਅਰਥ ਹੈ ਠਹਿਰਾਉ। ਭਾਵ ਇਸ ਤੁਕ ਵਿਚ ਕੇਂਦਰੀ ਭਾਵ ਹੈ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਸਾਰੀ ਬਾਣੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਹਾਉ ਨਿਚੋੜ ਭਾਵ ਸਾਰ (nut-shell) ਹੈ। **'ਜਪੁ' ਜੀ ਸਾਹਿਬ** ਵਿਚ ਸਮੁੱਚੀ ਗੁਰਬਾਣੀ ਦੀ ਵਿਚਾਰਧਾਰਾ ਬੀਜ ਰੂਪ ਵਿੱਚ ਮੌਜੂਦ ਹੈ।

**5. ਬਾਣੀ 'ਜਪੁ' ਕਿਸ ਰਾਗ ਵਿੱਚ ਹੈ?**

ਇਹ ਬਾਣੀ ਕਿਸੇ ਰਾਗ ਵਿੱਚ ਨਹੀਂ, ਰਾਗ ਰਹਿਤ (ਮੁਕਤ) ਹੈ।

**6. 'ਜਪੁ' ਬਾਣੀ ਦੇ ਅਰੰਭ ਵਿੱਚ 'ਮੰਗਲਾ ਚਰਨ' ਕੀ ਹੈ?**

ਮੰਗਲਾਚਰਨ **ੴ** ਤੋਂ **ਗੁਰਪ੍ਰਸਾਦਿ** ਤੱਕ ਹੈ। (ਇਹ ਵੱਖ-ਵੱਖ ਰਾਗਾਂ ਦੇ ਅਰੰਭ ਤੇ ਵੀ

ਦਰਜ ਹੈ)। ਉਪਰੰਤ ਬਾਣੀ ਦਾ ਸਿਰਲੇਖ **'ਜਪੁ'** ਹੈ।

**7. 'ਜਪੁ' ਬਾਣੀ ਦਾ ਪਹਿਲਾ ਸਲੋਕ ਕਿਹੜਾ ਹੈ? ਇਸ ਦਾ ਕੀ ਭਾਵ ਹੈ?**

ਪਹਿਲਾ ਸਲੋਕ ਹੈ –

**ਆਦਿ ਸਚੁ ਜੁਗਾਦਿ ਸਚੁ॥**

**ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥**

ਭਾਵ ਅਕਾਲ ਪੁਰਖ ਅਰੰਭ ਤੋਂ ਸੱਚ ਹੀ ਹੈ, ਜੁਗਾਂ ਦੇ ਮੁੱਢ ਤੋਂ ਹੀ ਸੱਚਾ ਹੈ। ਹੁਣ ਭੀ ਤੇ ਅੱਗੋਂ ਵੀ, ਉਹ ਸਦਾ ਸੱਚ ਹੀ ਰਹੇਗਾ, ਅਟੱਲ ਰਹੇਗਾ।

**8. ਪਹਿਲੀ ਪਉੜੀ ਕਿਥੋਂ ਅਰੰਭ ਹੁੰਦੀ ਹੈ?**

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥

**9. ਪਹਿਲੀ ਪਉੜੀ ਵਿਚ ਗੁਰੂ ਸਾਹਿਬ ਨੇ ਕਿਹੜੀਆਂ ਚਾਰ ਗੱਲਾਂ ਦਾ ਖੰਡਨ ਕੀਤਾ ਹੈ?**

ਹੇਠ ਲਿਖੀਆਂ ਚਾਰ ਗੱਲਾਂ ਦਾ ਖੰਡਨ ਕੀਤਾ ਹੈ:

(ੳ) ਸਰੀਰ ਨੂੰ ਇਸ਼ਨਾਨ ਕਰਾਉਣ ਨਾਲ ਮਨ ਸੁੱਚਾ ਨਹੀਂ ਹੋ ਸਕਦਾ।

(ਅ) ਚੁੱਪ ਰਹਿਣ ਨਾਲ ਮਨ ਸ਼ਾਂਤ ਭਾਵ ਵਿਚਾਰ ਮੁਕਤ ਨਹੀਂ ਹੋ ਸਕਦਾ।

(ੲ) ਬਹੁਤ ਸਾਰਾ ਪਦਾਰਥ ਇਕੱਠਾ ਕਰਨ ਨਾਲ ਵੀ ਤ੍ਰਿਸ਼ਨਾ ਦੂਰ ਨਹੀਂ ਹੋ ਸਕਦੀ।

(ਸ) ਭਾਵੇਂ ਲੱਖ ਚਤੁਰਾਈਆਂ ਹੋਣ ਤਾਂ ਵੀ ਕੋਈ ਇੱਕ ਵੀ ਸਾਥ ਨਹੀਂ ਦਿੰਦੀ।

**10. ਪਹਿਲੀ ਪਉੜੀ ਵਿਚ ਗੁਰੂ ਸਾਹਿਬ ਕੀ ਸਵਾਲ ਕਰਦੇ ਹਨ ਤੇ ਉਸਦਾ ਕੀ ਜਵਾਬ ਦਿੰਦੇ ਹਨ?**

ਸਵਾਲ ਇਹ ਹੈ ਕਿ ਅਸੀਂ ਸੱਚੇ-ਸੁੱਚੇ ਕਿਵੇਂ ਬਣ ਸਕਦੇ ਹਾਂ? ਸਾਡੇ ਅੰਦਰੋਂ ਝੂਠ (ਕੂੜ) ਦਾ ਪਰਦਾ (barrier of falsehood) ਕਿਵੇਂ ਟੁੱਟ ਸਕਦਾ ਹੈ? **(ਕਿਵ ਸਚਿਆਰਾ...)**

ਜਵਾਬ ਹੈ ਕਿ ਅਕਾਲਪੁਰਖ ਦੇ ਹੁਕਮ ਵਿਚ ਰਹਿਣ ਨਾਲ ਹੀ ਅਸੀਂ ਸਚਿਆਰੇ ਬਣ ਸਕਦੇ ਹਾਂ ਅਤੇ ਕੂੜ ਦਾ ਪਰਦਾ ਟੁੱਟ ਸਕਦਾ ਹੈ। **(ਹੁਕਮਿ ਰਜਾਈ ...)**

**11. ਮਨੁੱਖ ਦੀ ਰੱਬ ਨਾਲ ਪੈ ਰਹੀ ਦੂਰੀ ਕਿਵੇਂ ਹੱਟ ਸਕਦੀ ਹੈ?**

ਪਰਮਾਤਮਾ ਦਾ ਹੁਕਮ (God's Command) ਮੰਨਣ ਨਾਲ।





**12. ਇਹ ਦੂਰੀ ਕਿਹੜੇ ਯਤਨਾਂ ਨਾਲ ਨਹੀਂ ਮਿਟ ਸਕਦੀ?**

ਦਾਨ, ਤੀਰਥ, ਪ੍ਰਾਣਾਯਾਮ ਜਾਂ ਸਿਆਣਪਾਂ ਰਾਹੀਂ ਇਹ ਦੂਰੀ ਨਹੀਂ ਹਟ ਸਕਦੀ ।

**13. ਦੂਜੀ ਪਉੜੀ ਅਨੁਸਾਰ ਸਾਡੀ ਹਉਮੈ ਕਿਵੇਂ ਦੂਰ ਹੋ ਸਕਦੀ ਹੈ?**

ਅਕਾਲਪੁਰਖ ਦੇ ਹੁਕਮ ਨੂੰ ਸਮਝਣ ਨਾਲ ਸਾਡੀ ਹਉਮੈ ਦੂਰ ਹੋ ਸਕਦੀ ਹੈ। **(ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥)**

**14. ਦੂਜੀ ਪਉੜੀ ਅਨੁਸਾਰ ਅਕਾਲ ਪੁਰਖ ਦੇ ਹੁਕਮ ਅੰਦਰ ਕੀ-ਕੀ ਹੋ ਰਿਹਾ ਹੈ ?**

ਹੁਕਮ ਵਿਚ ;

- ਜੀਵਾਂ ਦੇ ਸਰੀਰ ਬਣ ਰਹੇ ਹਨ **(ਹੋਵਨਿ ਆਕਾਰ )**
- ਜੀਵਾਂ ਦਾ ਜਨਮ ਹੋ ਰਿਹਾ ਹੈ **(ਹੋਵਨਿ ਜੀਅ)**
- ਜੀਵਾਂ ਨੂੰ ਸੋਭਾ ਮਿਲ ਰਹੀ ਹੈ **(ਮਿਲੈ ਵਡਿਆਈ)**
- ਕੋਈ ਮਨੁੱਖ ਚੰਗਾ ਬਣ ਰਿਹਾ ਹੈ ਕੋਈ ਮਾੜਾ **(ਉਤਮ ਨੀਚ)**
- ਜੀਵ ਦੁੱਖ ਤੇ ਸੁੱਖ ਭੋਗ ਰਹੇ ਹਨ **(ਦੁਖ ਸੁਖ ਪਾਈਅਹਿ )**
- ਕਈਆਂ ਉਤੇ ਬਖਸ਼ਿਸ਼ ਹੋ ਰਹੀ ਹੈ **(ਬਖਸੀਸ)**
- ਕਈ ਹਰ ਵੇਲੇ ਜਨਮ-ਮਰਨ ਵਿਚ ਫਸੇ ਰਹਿੰਦੇ ਹਨ **(ਸਦਾ ਭਵਾਈਅਹਿ)**
- ਸਭ ਕੁਝ ਹੁਕਮ ਅੰਦਰ ਹੈ ਅਤੇ ਹੁਕਮ ਤੋਂ ਬਾਹਰ ਕੁਝ ਵੀ ਨਹੀਂ।

**ਹੁਕਮ**
ਵਿੱਚ ਕੀ-ਕੀ
ਹੋ ਰਿਹਾ ਹੈ?

**15. ਹਉਮੈ ਦੂਰ ਕਰਨ ਦਾ ਕੀ ਤਰੀਕਾ ਹੈ ?**

ਪ੍ਰਭੂ ਦੀ ਸਿਫਤ ਸਾਲਾਹ ਰਾਹੀਂ ਹੁਕਮ ਨੂੰ ਬੁਝਣਾ।

**16. ਮਨੁੱਖ ਕਿਵੇਂ- ਕਿਵੇਂ ਵਾਹਿਗੁਰੂ ਦੀ ਸਿਫ਼ਤ ਸਾਲਾਹ ਕਰ ਰਹੇ ਹਨ ?**

ਹੇਠ ਲਿਖੇ ਅਨੁਸਾਰ ਜੀਵ ਸਿਫ਼ਤ ਸਾਲਾਹ ਕਰ ਰਹੇ ਹਨ :

- ਕੋਈ ਪਰਮਾਤਮਾ ਦੀ ਵੱਡੀ ਤਾਕਤ ਨੂੰ ਗਾਉਂਦਾ ਹੈ । **(ਤਾਣੁ)**
- ਕੋਈ ਉਸ ਦੀ ਦਾਤਾਂ ਨੂੰ ਨਿਸ਼ਾਨ ਸਮਝ ਕੇ ਗਾਉਂਦਾ ਹੈ । **(ਦਾਤਿ ਜਾਣੈ ਨਿਮਾਣ)**
- ਕੋਈ ਰੱਬ ਦੇ ਸੋਹਣੇ ਗੁਣ ਤੇ ਵਡਿਆਈਆਂ ਵਰਨਣ ਕਰਦਾ ਹੈ । **(ਗੁਣ**

**ਵਡਿਆਈਆ ਚਾਰ)**

ਲੋਕ ਕਿਵੇਂ-ਕਿਵੇਂ
**ਪ੍ਰਭੂ ਦਾ ਗੁਣ ਗਾਣ**
ਕਰ ਰਹੇ ਹਨ

- ਕੋਈ ਵਿਦਿਆ ਦੇ ਬਲ ਨਾਲ ਆਤਮਕ ਫ਼ਿਲਾਸਫ਼ੀ ਦੇ ਵਿਸ਼ਿਆਂ ਤੇ ਵਿਚਾਰ ਕਰਦਾ ਹੈ । **(ਵਿਦਿਆ ਵਿਖਮੁ ਵੀਚਾਰੁ)**
- ਕੋਈ ਕਹਿੰਦਾ ਹੈ ਕਿ ਅਕਾਲ ਪੁਰਖ ਸਰੀਰ ਬਣਾ ਕੇ ਸਵਾਹ ਕਰ ਦਿੰਦਾ ਹੈ। **(ਸਾਜਿ ਕਰੇ ਤਨੁ ਖੇਹ)**
- ਕੋਈ ਕਹਿੰਦਾ ਹੈ ਕਿ ਹਰੀ ਇਕ ਸਰੀਰ ਵਿੱਚੋਂ ਜਿੰਦ ਕੱਢ ਕੇ ਦੂਜੇ ਵਿੱਚ ਪਾ ਦਿੰਦਾ ਹੈ। **(ਜੀਅ ਲੈ ਫਿਰ ਦੇਹ)**
- ਕੋਈ ਕਹਿੰਦਾ ਹੈ ਅਕਾਲ ਪੁਰਖ ਦੂਰ ਦਿਸਦਾ ਹੈ । **(ਜਾਪੈ ਦਿਸੈ ਦੂਰਿ)**
- ਕੋਈ ਕਹਿੰਦਾ ਹੈ ਉਹ ਸਭ ਥਾਂਈ ਹਾਜ਼ਰ ਹੈ । **(ਹਾਦਰਾ ਹਦੂਰਿ)**

**17. ਅਕਾਲ ਪੁਰਖ ਦਾ ਦਰਬਾਰ ਕਿਵੇਂ ਦਿਸ ਸਕਦਾ ਹੈ ਅਤੇ ਕਿਹੜੇ ਬੋਲਾਂ ਨੂੰ ਸੁਣ ਕੇ ਉਹ ਸਾਨੂੰ ਪਿਆਰ ਕਰ ਸਕਦਾ ਹੈ?**

ਅੰਮ੍ਰਿਤ ਵੇਲੇ ਵਾਹਿਗੁਰੂ ਦਾ ਨਾਮ ਜਪਣ ਤੇ ਗੁਣਾਂ ਦੀ ਵਿਚਾਰ ਕਰਨ ਨਾਲ ਹੀ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ । **(ਵਡਿਆਈ ਵੀਚਾਰੁ)**

**18. ਅਕਾਲ ਪੁਰਖ ਦੀ ਭਾਖਿਆ (ਬੋਲੀ) ਕੀ ਹੈ ?**

ਅਕਾਲ ਪੁਰਖ ਦੀ ਭਾਖਿਆ ਪ੍ਰੇਮ ਹੈ । ਬੇਅੰਤ ਪਿਆਰ - ਪਿਆਰ ਹੀ ਪਿਆਰ। **(ਭਾਉ ਅਪਾਰ)**

**19. ਕੀ ਪਰਮਾਤਮਾ ਨੂੰ ਪੈਦਾ ਕੀਤਾ ਜਾ ਬਣਾਇਆ ਜਾ ਸਕਦਾ ਹੈ?**

ਨਹੀਂ, ਪਰਮਾਤਮਾ ਕਿਸੇ ਦਾ ਬਣਾਇਆ ਜਾਂ ਪੈਦਾ ਕੀਤਾ ਹੋਇਆ ਨਹੀਂ ਹੈ, ਉਹ ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ ਹੈ । **(ਥਾਪਿਆ ਨਾ ਜਾਇ ਕੀਤਾ ਨ ਹੋਇ)**

**20. ਪਰਮਾਤਮਾ ਦੇ ਦਰ ਤੇ ਵਡਿਆਈ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ ?**

ਜਿਸ ਨੇ ਅਕਾਲ ਪੁਰਖ ਨੂੰ ਸਿਮਰਿਆ ਹੈ, ਉਸ ਨੇ ਵਡਿਆਈ ਪਾ ਲਈ ਹੈ। **(ਜਿਨ ਸੇਵਿਆ ਤਿਨਿ ਪਾਇਆ ਮਾਨ)** ਭਾਵ ਨਾਮ ਸਿਮਰਨ ਨਾਲ ਹੀ ਸੋਭਾ ਮਿਲਦੀ ਹੈ।

**21. ਅਸੀਂ ਆਪਣਾ ਦੁੱਖ ਕਿਵੇਂ ਦੂਰ ਕਰ ਸਕਦੇ ਹਾਂ ਅਤੇ ਕਿਵੇਂ ਸੁੱਖ ਨੂੰ ਹਿਰਦੇ ਵਿੱਚ ਵਸਾ ਸਕਦੇ ਹਾਂ?**





- ਅਕਾਲ ਪੁਰਖ ਦੇ ਗੁਣ ਗਾਉਣ ਨਾਲ। **(ਗਾਵੀਐ)**
- ਅਕਾਲ ਪੁਰਖ ਦੇ ਗੁਣ ਸੁਣਨ ਨਾਲ। **(ਸੁਣੀਐ)**
- ਮਨ ਵਿਚ ਉਸ ਦਾ ਪ੍ਰੇਮ ਟਿਕਾਉਣ ਨਾਲ। **(ਮਨਿ ਰਖੀਐ ਭਾਉ)**

ਇੰਝ ਅਸੀਂ ਆਪਣਾ ਦੁੱਖ ਦੂਰ ਕਰ ਲੈਂਦੇ ਹਾਂ ਤੇ ਹਿਰਦੇ ਵਿਚ ਸੁੱਖ ਵਸਾ ਲੈਂਦੇ ਹਾਂ। **(ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥)**

**22. ਸਾਡੇ ਲਈ ਸ਼ਿਵ, ਗੋਰਖ, ਬ੍ਰਹਮਾ ਅਤੇ ਪਾਰਵਤੀ ਕੌਣ ਹੈ?**

ਸਾਡਾ ਗੁਰੂ ਸ਼ਬਦ ਹੈ। ਸ਼ਬਦ ਗੁਰੂ ਹੀ ਸਾਡੇ ਲਈ ਸ਼ਿਵ ਹੈ, ਗੋਰਖ, ਬ੍ਰਹਮਾ ਅਤੇ ਪਾਰਵਤੀ ਹੈ। (**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥**)

**23. ਪੰਜਵੀਂ ਅਤੇ ਛੇਵੀਂ ਪਉੜੀ ਵਿੱਚ ਅਸੀਂ ਗੁਰੂ ਕੋਲੋਂ ਕਿਹੜੀ ਸਮਝ ਮੰਗਦੇ ਹਾਂ?**

ਅਸੀਂ ਬੇਨਤੀ ਕਰਦੇ ਹਾਂ ਕਿ ਹੇ ਗੁਰੂ ਜੀ! ਸਭਨਾਂ ਜੀਆਂ ਨੂੰ ਦਾਤਾਂ ਦੇਣ ਵਾਲੇ ਰੱਬ ਨੂੰ ਕਿਤੇ ਮੈਂ ਭੁਲਾ ਨਾ ਦਿਆਂ। **(ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥)**

**24. ਸਾਡੇ ਅੰਦਰ ਪ੍ਰਮਾਤਮਾ ਦੇ ਗੁਣ ਕਿਵੇਂ ਪੈਦਾ ਹੋ ਸਕਦੇ ਹਨ?**

ਸਾਡੀ ਸੋਚ ਦੇ ਅੰਦਰ **ਗੁਣਾਂ** ਦੇ ਰਤਨ, ਜਵਾਹਰ ਤੇ ਮੋਤੀ ਉਪਜ ਪੈਂਦੇ ਹਨ, ਜੇਕਰ ਉਸ ਵਾਹਿਗੁਰੂ ਦੀ ਇਕ ਸਿੱਖਿਆ ਨੂੰ ਸੁਣ ਲਈਏ। **(ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥)**

**25. ਜੇ ਮੇਰੀ ਉਮਰ ਬਹੁਤ ਜ਼ਿਆਦਾ ਹੋ ਜਾਵੇ, ਬਹੁਤ ਸਾਰੇ ਲੋਕ ਮੇਰੇ ਪਿਛੇ ਲੱਗ ਪੈਣ, ਮੈਂ ਸਾਰੇ ਸੰਸਾਰ ਵਿਚ ਚੰਗੀ ਸ਼ੋਭਾ ਪ੍ਰਾਪਤ ਕਰ ਲਵਾਂ ਤਾਂ ਕੀ ਇਹ ਪੱਕਾ ਹੈ ਕਿ ਅਕਾਲ ਪੁਰਖ ਦੇ ਦਰਬਾਰ ਵਿੱਚ ਮੈਨੂੰ ਮਾਣ ਸਤਿਕਾਰ ਮਿਲੇਗਾ ?**

ਜੀ ਨਹੀਂ। ਉਪਰੋਕਤ ਸਾਰਾ ਕੁਝ ਹੁੰਦਿਆਂ ਜੇਕਰ ਸਾਡੇ ਤੇ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਨਹੀਂ ਪਈ ਤਾਂ ਕੋਈ ਸਾਡੀ ਖਬਰ, ਸਾਡਾ ਹਾਲ ਵੀ ਨਹੀਂ ਪੁਛੇਗਾ। ਅਸੀਂ ਪ੍ਰਭੂ ਦਰਬਾਰ ਵਿੱਚ ਇਕ ਮਾਮੂਲੀ ਜਿਹਾ ਕੀੜਾ ਹੋਵਾਂਗੇ। ਸਾਡੇ ਉਤੇ ਨਾਮ ਨੂੰ ਭੁੱਲਣ ਦਾ ਦੋਸ਼ ਲੱਗੇਗਾ। ਇਸ ਲਈ ਸਾਰਾ ਕੁਝ ਕਰਦਿਆਂ **ਨਾਮ ਜਪਣਾ ਜ਼ਰੂਰੀ** ਹੈ।

**26. ਜੇ ਅਸੀਂ ਚੰਗੇ ਕੰਮ ਕਰਦੇ ਰਹੀਏ ਤਾਂ ਅਕਾਲਪੁਰਖ ਦੇ ਦਰਬਾਰ ਵਿਚ ਸਤਿਕਾਰ ਪਾਵਾਂਗੇ ਜੇ ਨਹੀਂ ਤਾਂ ਹੋਰ ਕਿਸ ਚੀਜ਼ ਦੀ ਪ੍ਰਾਪਤੀ ਜਰੂਰੀ ਹੈ?**

ਅਕਾਲਪੁਰਖ ਦੇ ਦਰਬਾਰ ਵਿਚ ਮਾਣ ਪ੍ਰਾਪਤ ਕਰਨ ਲਈ ਚੰਗੇ ਕਰਮਾਂ ਦੇ ਨਾਲ-ਨਾਲ

ਨਦਰ ਦੀ ਪ੍ਰਾਪਤੀ ਵੀ ਜਰੂਰੀ ਹੈ।

**27. ਭਗਤਾਂ ਦੇ ਮਨ ਵਿਚ ਸਦਾ ਅਨੰਦ ਕਿਵੇਂ ਬਣਿਆ ਰਹਿੰਦਾ ਹੈ?**

ਨਾਮ ਸੁਣਨ ਅਤੇ ਨਾਮ ਵਿਚ ਸੁਰਤ ਜੋੜਨ ਸਦਕਾ ਭਗਤਾਂ ਦੇ ਮਨ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ ਕਿਉਂਕਿ ਸਿਫਤ-ਸਾਲਾਹ ਸੁਣਨ ਕਰਕੇ ਉਹਨਾਂ ਦੇ ਦੁੱਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ। **(ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥)**

**28. 'ਮੰਨੇ' ਅਤੇ 'ਮੰਨੈ' ਵਿਚ ਕੀ ਫਰਕ ਹੈ?**

ਇਹ ਕੁਲ ਚਾਰ ਪਉੜੀਆਂ ਹਨ। ਪਹਿਲੀ ਵਿੱਚ 'ਮੰਨੇ' ਸ਼ਬਦ ਦਾ ਜ਼ਿਕਰ ਹੈ ਅਤੇ ਬਾਕੀ ਦੀਆਂ 3 ਪਉੜੀਆਂ ਵਿਚ 'ਮੰਨੈ' ਸ਼ਬਦ ਆਇਆ ਹੈ ।

**'ਮੰਨੇ'** ਦਾ ਅਰਥ ਹੈ **ਜਿਸ ਨੇ ਮੰਨ ਲਿਆ** ਹੈ।


**'ਮੰਨੈ'** ਦਾ ਅਰਥ ਹੈ **ਜੇ ਮੰਨ ਲਈਏ** ।

**29. 'ਮੰਨਿ ਜਾਣੈ ਮਨਿ ਕੋਇ' ਦਾ ਕੀ ਅਰਥ ਹੈ ?**

**'ਮੰਨਿ'** ਦਾ ਅਰਥ ਹੈ ਮੰਨ ਕੇ ਵੇਖੇ ਅਤੇ **'ਮਨਿ'** ਦਾ ਅਰਥ ਹੈ ਮਨ ਵਿਚ। ਭਾਵ ਜੇ ਕੋਈ ਮਨ ਕਰਕੇ ਮੰਨ ਲਵੇ, ਜਬਰਦਸਤੀ ਨਹੀਂ, ਬਲਕਿ ਦਿਲ ਕਰਕੇ ਮੰਨੇ ।

**30. 'ਪੰਚ' ਦਾ ਕੀ ਅਰਥ ਹੈ ?**

'ਪੰਚ' ਉਹ ਮਨੁੱਖ ਹਨ ਜਿਨ੍ਹਾਂ ਨੇ ਨਾਮ ਸੁਣਿਆ ਹੈ ਅਤੇ ਮੰਨਿਆ ਹੈ। ਭਾਵ ਜਿਨ੍ਹਾਂ ਦੀ ਸੁਰਤ ਨਾਮ ਵਿਚ ਜੁੜੀ ਹੈ ਅਤੇ ਜਿਨ੍ਹਾਂ ਦੇ ਅੰਦਰ ਪਰਤੀਤ ਆ ਗਈ ਹੈ। ਪੰਚ ਦਾ ਭਾਵ ਪੰਜ (5) ਨਹੀਂ ਹੈ।




**31. ਧਰਤੀ ਦੇ ਟਿਕਾਅ ਬਾਰੇ ਲੋਕਾਂ ਵਿਚ ਕੀ ਭਰਮ ਸੀ? ਗੁਰੂ ਸਾਹਿਬ ਨੇ ਕੀ ਦਲੀਲ ਦਿੱਤੀ ਤੇ ਕੀ ਬਦਲ ਦਿੱਤਾ?**





ਲੋਕਾਂ ਵਿਚ ਭਰਮ ਸੀ ਕਿ ਧਰਤੀ ਨੂੰ ਇਕ ਬੈਲ (bull) ਨੇ ਆਪਣੇ ਸਿੰਗਾਂ ਤੇ ਚੁਕਿਆ ਹੋਇਆ ਹੈ। ਗੁਰੂ ਸਾਹਿਬ ਨੇ ਸੁਆਲ ਕੀਤਾ ਕਿ ਫਿਰ ਉਹ ਬੈਲ ਕਿੱਥੇ ਖੜਾ ਹੈ ? ਉਹਨਾਂ ਸਪਸ਼ਟ ਕੀਤਾ ਕਿ **ਧਰਮ** ਰੂਪੀ ਬੈਲ (bull) ਨੇ ਹੀ ਧਰਤੀ ਨੂੰ ਟਿਕਾਇਆ ਹੋਇਆ ਹੈ।

**32. ਧਰਤੀ ਨੂੰ ਕਿਹੜੇ ਧੌਲ ਭਾਵ ਬੈਲ ਨੇ ਚੁਕਿਆ ਹੋਇਆ ਹੈ?**

ਧਰਤੀ ਨੂੰ ਧਰਮ ਰੂਪੀ ਬੈਲ (bull) ਨੇ ਕਾਇਮ ਰਖਿਆ ਹੋਇਆ ਹੈ ਭਾਵ ਧਰਮ ਰੂਪੀ ਬੱਝਵਾਂ ਨਿਯਮ (pre-defined laws) ਹੀ ਇਸ ਸ੍ਰਿਸ਼ਟੀ ਨੂੰ ਚਲਾ ਰਿਹਾ ਹੈ। **(ਧੌਲੁ ਧਰਮੁ)**

**33. ਧਰਮ ਕਿਸ ਦਾ ਪੁੱਤਰ ਹੈ ਅਤੇ ਧਰਮ ਦਾ ਪੁੱਤਰ ਕੌਣ ਹੈ ?**

ਧਰਮ ਦਇਆ ਦਾ ਪੁੱਤਰ ਹੈ ਅਤੇ ਇਸ ਧਰਮ ਨੇ ਸੰਤੋਖ ਨੂੰ ਜਨਮ ਦਿੱਤਾ ਹੈ। ਭਾਵ ਦਇਆ ਤੋਂ ਧਰਮ ਪੈਦਾ ਹੁੰਦਾ ਹੈ ਤੇ ਧਰਮ ਤੋਂ ਹੀ ਸੰਤੋਖ ਦਾ ਜਨਮ ਹੁੰਦਾ ਹੈ। **(ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥)**

**34. ਜਪੁਜੀ ਸਾਹਿਬ ਵਿਚ ਕਿਸ ਫੁਰਮਾਨ ਦਾ ਅਰਥ ਹੈ ਕਿ ਵਾਹਿਗੁਰੂ ਜੋ ਤੈਨੂੰ ਚੰਗਾ ਲਗਦਾ ਹੈ ਉਹੀ ਕੰਮ ਭਲਾ ਹੈ?**

ਫੁਰਮਾਨ ਹੈ:

**ਜੋ ਤੁਧੁ ਭਾਵੈ ਸਾਈ ਭਲੀ ਕਾਰ॥**

**35. ਅਸੰਖ ਦੀਆਂ ਪਉੜੀਆਂ ਅਨੁਸਾਰ ਅਕਾਲ ਪੁਰਖ ਦੀ ਰਚਨਾ ਵਿੱਚ ਜੀਵ ਕਿਸ-ਕਿਸ ਤਰ੍ਹਾਂ ਦੇ ਕੰਮ ਕਰ ਰਹੇ ਹਨ ?**

ਅਕਾਲ ਪੁਰਖ ਦੀ ਰਚਨਾ ਵਿਚ ਅਣਗਿਣਤ ਜੀਵ ਇਹ ਕੰਮ ਕਰ ਰਹੇ ਹਨ :

- ਜਪ **(ਜਪੁ)**
- ਹੋਰਨਾਂ ਜੀਵਾਂ ਨਾਲ ਪਿਆਰ **(ਭਾਉ)**
- ਪੂਜਾ **(ਪੂਜਾ)**
- ਤਪ **(ਤਪ ਤਾਉ)**
- ਧਾਰਮਿਕ ਪੁਸਤਕਾਂ ਦੇ ਪਾਠ **(ਗ੍ਰੰਥ ਮੁਖਿ ਵੇਦ ਪਾਠ)**
- ਯੋਗ **(ਜੋਗ)**
- ਭਗਤ ਹਨ
- ਦਾਨੀ ਹਨ

- ਸੂਰਮੇ ਹਨ
- ਮੋਨੀ ਹਨ
- ਮਹਾਂ ਮੂਰਖ ਹਨ (**ਮੂਰਖ ਅੰਧ ਘੋਰ**)
- ਚੋਰ ਹਨ
- ਪਰਾਇਆ ਮਾਲ ਖਾਣ ਵਾਲੇ ਹਨ (**ਹਰਾਮਖੋਰ**)
- ਦੂਜਿਆਂ ਉਤੇ ਹੁਕਮ ਤੇ ਵਧੀਕੀਆਂ ਕਰਨ ਵਾਲੇ ਹਨ (**ਗਲਵਢ**)
- ਹਤਿਆਰੇ ਹਨ
- ਪਾਪੀ ਹਨ
- ਝੂਠ ਦੇ ਸੁਭਾਅ ਵਾਲੇ ਹਨ (**ਕੂੜਿਆਰ**)
- ਖੋਟੀ ਬੁੱਧੀ ਵਾਲੇ ਹਨ (**ਮਲੇਛ**)
- ਅਖਾਜ ਖਾਣ ਵਾਲੇ ਹਨ (**ਮਲੁ ਭਖਿ ਖਾਹਿ**)
- ਨਿੰਦਕ ਹਨ

**36. ਜਪੁਜੀ ਸਾਹਿਬ ਵਿਚ ਕਿਸ ਫੁਰਮਾਨ ਦਾ ਭਾਵ ਹੈ ਕਿ ਅਕਾਲ ਪੁਰਖ ਹਰ ਥਾਂ ਹਾਜ਼ਰ ਹੈ, ਕੋਈ ਜਗ੍ਹਾ ਐਸੀ ਨਹੀਂ ਜਿਥੇ ਅਕਾਲ ਪੁਰਖ ਨਹੀਂ ਹੈ?**

ਫੁਰਮਾਨ ਹੈ:

**ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥**

**37. ਹੱਥ ਪੈਰ ਕਿਸ ਨਾਲ ਗੰਦੇ ਹੁੰਦੇ ਹਨ ਅਤੇ ਕਿਵੇਂ ਧੋਤੇ ਜਾਂਦੇ ਹਨ?**

ਹੱਥ, ਪੈਰ ਜਾਂ ਸਰੀਰ ਮਿੱਟੀ ਆਦਿ ਨਾਲ ਗੰਦੇ ਹੁੰਦੇ ਹਨ ਅਤੇ ਪਾਣੀ ਨਾਲ ਧੋਤਿਆਂ ਮੈਲ ਉਤਰ ਜਾਂਦੀ ਹੈ। (**ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ॥**)

**38. ਸਾਡੀ ਬੁੱਧੀ ਕਿਸ ਨਾਲ ਮੈਲੀ ਹੁੰਦੀ ਹੈ ਅਤੇ ਕਿਵੇਂ ਧੋਤੀ ਜਾ ਸਕਦੀ ਹੈ?**

ਸਾਡੀ ਬੁੱਧੀ ਪਾਪਾਂ ਨਾਲ ਮੈਲੀ ਹੁੰਦੀ ਹੈ ਅਤੇ **ਅਕਾਲ ਪੁਰਖ ਦਾ ਨਾਮ ਜਪਣ** ਨਾਲ ਇਸ ਨੂੰ ਧੋਤਾ ਜਾ ਸਕਦਾ ਹੈ। (**ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ॥**)

**39. ਜਿਹੋ ਜਿਹਾ ਅਸੀਂ ਬੀਜਦੇ ਹਾਂ ਉਹੋ ਜਿਹਾ ਫਲ ਖਾਂਦੇ ਹਾਂ – ਇਸ ਬਾਰੇ ਜਪੁਜੀ ਸਾਹਿਬ ਵਿੱਚ ਕੀ ਫੁਰਮਾਨ ਹੈ?**





ਫੁਰਮਾਨ ਹੈ :

**ਆਪੇ ਬੀਜਿ ਆਪੇ ਹੀ ਖਾਹੁ॥**

**40. 'ਸੁਅਸਤਿ' ਤੋਂ ਕੀ ਭਾਵ ਹੈ?**

**'ਸੁਅਸਤਿ'** ਤੋਂ ਭਾਵ ਹੈ ਤੇਰੀ ਜੈ ਹੋਵੇ, ਤੂੰ ਸਦਾ ਅਟੱਲ ਰਹੇਂ ਭਾਵ ਮੈਂ ਤੇਰਾ ਹੀ ਆਸਰਾ ਲੈਂਦਾ ਹਾਂ।

**41. 'ਆਥਿ' ਦਾ ਕੀ ਭਾਵ ਹੈ?**

'ਆਥਿ' ਦਾ ਭਾਵ ਹੈ – ਮਾਇਆ।

**42. ਅਕਾਲ ਪੁਰਖ ਸਦਾ ਸਥਿਰ ਹੈ, ਸੋਹਣਾ ਹੈ ਅਤੇ ਉਸ ਦੇ ਮਨ ਵਿਚ ਸਦਾ ਖਿੜਾਉ ਹੈ। ਇਸ ਸੰਬੰਧੀ ਕੀ ਹੁਕਮ ਹੈ?**

ਫੁਰਮਾਨ ਹੈ : **ਸਤਿ ਸੁਹਾਣੁ ਸਦਾ ਮਨਿ ਚਾਉ॥**

**43. 'ਵਖਤੁ ਨ ਪਾਇਓ ਕਾਦੀਆ' ਦਾ ਕੀ ਗ਼ਲਤ ਅਰਥ ਸਮਝਿਆ ਜਾਂਦਾ ਹੈ? ਠੀਕ ਅਰਥ ਕੀ ਹਨ?**

ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਕਾਦੀਆਂ ਨਾਮਕ ਸਥਾਨ ਤੇ ਕੁਝ ਲੋਕਾਂ ਵੱਲੋਂ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਕਿਹਾ ਹੈ ਕਿ ਨਗਰ ਕਾਦੀਆਂ ਵਿੱਚ ਪ੍ਰਗਟ ਹੋਣ ਵਾਲੇ ਪੈਗੰਬਰ ਨੂੰ ਤੁਸਾਂ ਵਖ਼ਤ (ਮੁਸੀਬਤ) ਨਾ ਪਾਣਾ। ਇਹ ਗਲ੍ਹਤ ਹੈ।

ਇਸ ਗੁਰ ਫੁਰਮਾਨ ਦੇ ਠੀਕ ਅਰਥ ਹਨ ਕਿ ਇਹ ਸੰਸਾਰ ਕਦੋਂ ਬਣਿਆ, ਇਸ ਬਾਰੇ ਕਾਜ਼ੀਆਂ ਨੂੰ ਖ਼ਬਰ ਨਹੀਂ ਲੱਗ ਸਕੀ, ਨਹੀਂ ਤਾਂ ਉਹ ਵੀ ਆਇਤਾਂ ਇਕੱਠੀਆਂ ਕਰਕੇ ਇਸ ਸੰਬੰਧੀ ਲੇਖਾ ਲਿਖ ਦਿੰਦੇ।

**44. ਇਹ ਜਗਤ ਕਦੋਂ ਬਣਿਆ ?**

ਜਿਸ ਸਿਰਜਨਹਾਰ ਨੇ ਇਸ ਜਗਤ ਨੂੰ ਪੈਦਾ ਕੀਤਾ ਹੈ ਇਹ ਤਾਂ ਉਹ ਆਪ ਹੀ ਜਾਣਦਾ ਹੈ। ਜਗਤ ਰਚਨਾ ਦਾ ਮੁੱਢ ਲੱਭਣਾ ਸਿੱਖ ਦਾ ਜੀਵਨ ਮਨੋਰਥ ਨਹੀਂ। (**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥**)

**45. ਨਦੀਆਂ ਅਤੇ ਨਾਲੇ ਸਮੁੰਦਰ ਵਿਚ ਪੈਣ ਤੋਂ ਬਾਅਦ ਫਿਰ ਵੱਖਰੇ ਨਹੀਂ ਪਛਾਣੇ ਜਾ ਸਕਦੇ। ਇਸ ਰਾਹੀਂ ਗੁਰੂ ਸਾਹਿਬ ਕੀ ਸਮਝਾ ਰਹੇ ਹਨ?**

ਇਸ ਰਾਹੀਂ ਗੁਰੂ ਜੀ ਉਪਦੇਸ਼ ਕਰਦੇ ਹਨ ਕਿ ਸਿਫ਼ਤ ਸਾਲਾਹ ਕਰਨ ਵਾਲੇ ਮਨੁੱਖ ਅਕਾਲ ਪੁਰਖ ਵਿਚ ਹੀ ਲੀਨ ਹੋ ਜਾਂਦੇ ਹਨ, ਸਮਾ ਜਾਂਦੇ ਹਨ। ਉਹ ਵੀ ਅਕਾਲ ਪੁਰਖ ਦਾ ਅੰਤ ਨਹੀਂ ਪਾ ਸਕਦੇ।

**46. 'ਅੰਤ ਕਾਰਣਿ ਕੇਤੇ ਬਿਲਲਾਹਿ' ਦਾ ਕੀ ਭਾਵ ਹੈ?**

ਕਿੰਨੇ ਹੀ ਮਨੁੱਖ ਅਕਾਲ ਪੁਰਖ ਦਾ ਹੱਦ - ਬੰਨਾ (limits) ਲੱਭਣ ਲਈ ਵਿਲਕ (yearn and weep) ਰਹੇ ਹਨ। ਪਰ ਉਹ ਉਸ ਦੇ ਸਮੁੱਚੇ ਪਾਸਾਰੇ ਨੂੰ ਨਹੀਂ ਲੱਭ ਸਕੇ।

**47. 'ਬਹੁਤਾ ਕਹੀਐ ਬਹੁਤਾ ਹੋਇ' ਦਾ ਕੀ ਭਾਵ ਹੈ ?**

ਜਿਉਂ-ਜਿਉਂ ਇਹ ਗੱਲ ਆਖੀ ਜਾਏ ਕਿ ਅਕਾਲ ਪੁਰਖ ਵੱਡਾ ਹੈ , ਤਿਉਂ-ਤਿਉਂ ਉਹ ਵੱਡਾ, ਹੋਰ ਵੱਡਾ ਪ੍ਰਤੀਤ ਹੋਣ ਲੱਗ ਪੈਂਦਾ ਹੈ।

**48. 'ਬਹੁਤਾ ਕਰਮ ਲਿਖਿਆ ਨ ਜਾਇ' ਦਾ ਕੀ ਭਾਵ ਹੈ ?**

ਕਰਮ ਦਾ ਭਾਵ ਹੈ ਬਖਸ਼ਿਸ। ਉਸ ਅਕਾਲ ਪੁਰਖ ਦੀ ਬਖ਼ਸ਼ਿਸ ਐਨੀ ਵੱਡੀ ਹੈ ਕਿ ਲਿੱਖੀ ਨਹੀਂ ਜਾ ਸਕਦੀ।

**49. ਦੁੱਖ ਨੂੰ ਵੀ ਅਕਾਲ ਪੁਰਖ ਦੀ ਦਾਤ ਮੰਨਣ ਸੰਬੰਧੀ ਕੀ ਹੁਕਮ ਹੈ ?**

ਫੁਰਮਾਨ ਹੈ:

**ਕੇਤਿਆ ਦੂਖ ਭੂਖ ਸਦ ਮਾਰ॥**
**ਏਹਿ ਭਿ ਦਾਤਿ ਤੇਰੀ ਦਾਤਾਰ॥**

**50. ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਕਿਵੇਂ ਮਿਲ ਸਕਦਾ ਹੈ ?**

ਮਾਇਆ ਦੇ ਮੋਹ ਰੂਪ ਬੰਧਨ ਤੋਂ ਛੁਟਕਾਰਾ ਅਕਾਲ ਪੁਰਖ ਦੇ ਭਾਣੇ ਵਿੱਚ ਰਹਿੰਦਿਆਂ ਹੀ ਮਿਲ ਸਕਦਾ ਹੈ । **(ਬੰਦਿ ਖਲਾਸੀ ਭਾਣੈ ਹੋਇ)**

**51. ਪ੍ਰਭੂ ਦੀ ਰਜ਼ਾ ਤੋਂ ਇਲਾਵਾ ਮਾਇਆ ਦੇ ਮੋਹ ਤੋਂ ਛੁਟਕਾਰੇ ਦਾ ਜੇ ਕੋਈ ਹੋਰ ਤਰੀਕਾ ਦੱਸੇ ਤਾਂ ਉਹ ਕੌਣ ਹੈ ਅਤੇ ਉਸ ਦਾ ਕੀ ਹਾਲ ਹੁੰਦਾ ਹੈ?**

ਗੁਰਬਾਣੀ ਅਨੁਸਾਰ ਉਹ ਮਨੁੱਖ ਕੱਚਾ ਹੈ, ਮੂਰਖ ਹੈ। ਇਸ ਮੂਰਖਤਾ ਕਾਰਣ ਉਹ ਆਪਣੇ ਮੂੰਹ ਉਤੇ ਚੋਟਾਂ ਖਾਂਦਾ ਹੈ ਭਾਵ ਦੁਖੀ ਹੁੰਦਾ ਹੈ। **(ਜੇ ਕੋ ਖਾਇਕੁ ਆਖਣਿ ਪਾਇ ॥ ਓਹੁ ਜਾਣੈ ਜੇਤੀਆ ਮੁਹਿ ਖਾਇ॥)**





**52. ਜਪੁਜੀ ਸਾਹਿਬ ਅਨੁਸਾਰ ਸਾਨੂੰ ਅਕਾਲ ਪੁਰਖ ਤੋਂ ਆਪਣੀਆਂ ਲੋੜਾਂ ਕਿਵੇਂ ਮੰਗਣੀਆਂ ਚਾਹੀਦੀਆਂ ਹਨ ?**

ਅਕਾਲ ਪੁਰਖ ਆਪ ਹੀ ਜੀਵਾਂ ਦੀਆਂ ਲੋੜਾਂ ਜਾਣਦਾ ਹੈ ਅਤੇ ਆਪ ਹੀ ਦਾਤਾਂ ਦਿੰਦਾ ਹੈ। (**ਆਪੇ ਜਾਣੈ ਆਪੇ ਦੇਇ॥**)

**53. ਜਿਸ ਨੂੰ ਅਕਾਲ ਪੁਰਖ ਆਪਣੀ ਸਿਫ਼ਤ ਸਲਾਹ ਬਖਸ਼ਦਾ ਹੈ, ਉਹ ਕੀ ਬਣ ਜਾਂਦਾ ਹੈ ?**

ਉਹ ਮਨੁੱਖ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ ਭਾਵ ਸਿਫ਼ਤ ਸਾਲਾਹ ਹੀ ਸਭ ਤੋਂ ਉੱਚੀ ਦਾਤ ਹੈ । **(ਜਿਸ ਨੋ ਬਖਸੇ ਸਿਫਤਿ ਸਾਲਾਹ ਨਾਨਕ ਪਾਤਿਸਾਹੀ ਪਾਤਿਸਾਹੁ॥)**

**54. ਪਉੜੀ 'ਸੋ ਦਰੁ ਕੇਹਾ ਸੋ ਘਰੁ ਕੇਹਾ' ਤੋਂ ਸਾਨੂੰ ਕੀ ਪ੍ਰੇਰਣਾ ਮਿਲਦੀ ਹੈ ?**

ਇਸ ਪਉੜੀ ਤੋਂ ਪ੍ਰੇਰਣਾ ਮਿਲਦੀ ਹੈ ਕਿ ਜੇ ਇਹ ਸਾਰੀ ਸ੍ਰਿਸਟੀ ਹੀ ਅਕਾਲ ਪੁਰਖ ਦੀ ਸਿਫ਼ਤ ਸਾਲਾਹ ਕਰ ਰਹੀ ਹੈ ਭਾਵ ਹੁਕਮ ਵਿਚ ਚਲ ਰਹੀ ਹੈ ਤਾਂ ਸਾਨੂੰ ਵੀ ਉਸ ਦੀਆਂ ਸਿਫ਼ਤਾਂ ਗਾਉਣੀਆਂ ਚਾਹੀਦੀਆਂ ਹਨ ਅਤੇ ਹੁਕਮ ਵਿੱਚ ਚਲਣਾ ਚਾਹੀਦਾ ਹੈ ।

**55. ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥ ਦਾ ਬਿਸਰਾਮ ਸਹਿਤ ਠੀਕ ਉਚਾਰਣ ਲਿਖੋ?**

ਠੀਕ ਬਿਸਰਾਮ ਇਉਂ ਹਨ :

**ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥**
**ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥**

**56. ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥ ਦਾ ਬਿਸਰਾਮ ਸਹਿਤ ਠੀਕ ਉਚਾਰਣ ਦੱਸੋ ?**

ਠੀਕ ਬਿਸਰਾਮ ਇਉਂ ਹਨ :

**ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥**

**57. 'ਕੁਆਰੀ ਕਾਇਆ ਜੁਗਤਿ' ਦਾ ਕੀ ਅਰਥ ਹੈ ?**

ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਣਾ - ਇਹ ਹੀ ਜੋਗ ਦੀ ਰਹਿਤ ਹੈ ਭਾਵ ਅਸਲ ਜੋਗੀ ਉਹ ਹੈ ਜੋ ਕਾਮਾਦਿਕ ਵਿਕਾਰਾਂ ਤੇ ਨਿੰਦਾ, ਚੁਗਲੀ, ਵੈਰ ਤੋਂ ਬਚਿਆ ਰਹਿੰਦਾ ਹੈ।

**58. 'ਆਈ ਪੰਥੀ' ਕੀ ਹੈ ?**

ਜੋਗੀਆਂ ਦੇ 12 ਫਿਰਕੇ ਹਨ। ਇਨਾਂ ਵਿਚੋਂ ਸਭ ਤੋਂ ਉੱਚਾ 'ਆਈ ਪੰਥ' ਮੰਨਿਆ ਜਾਂਦਾ ਹੈ।

**59. ਕਿਹੜਾ ਮਨੁੱਖ ਅਸਲ ਵਿਚ 'ਆਈ ਪੰਥ' ਵਾਲਾ ਹੈ ?**

ਜੋ ਸਾਰਿਆਂ ਨੂੰ ਆਪਣਾ ਸਾਥੀ ਤੇ ਜਮਾਤੀ (classfellow) ਸਮਝਦਾ ਹੈ, ਕਿਸੇ ਨਾਲ ਵੈਰ ਵਿਰੋਧ ਨਹੀਂ ਕਰਦਾ, ਬਰਾਬਰੀ ਰੱਖਦਾ ਹੈ ਉਹ ਅਸਲ ਵਿਚ ਆਈ ਪੰਥ ਵਾਲਾ ਹੈ, ਸ਼੍ਰੇਸਠ ਹੈ। **(ਆਈ ਪੰਥੀ ਸਗਲ ਜਮਾਤੀ)**

**60. 'ਆਦੇਸੁ' ਤੋਂ ਕੀ ਭਾਵ ਹੈ ?**

ਆਦੇਸੁ ਦਾ ਅਰਥ ਹੈ - ਪ੍ਰਣਾਮ (salute)। **(ਆਦੇਸੁ ਤਿਸੈ ਆਦੇਸੁ)**

**61. ਕੀ ਸ੍ਰਿਸ਼ਟੀ ਬ੍ਰਹਮਾ, ਵਿਸ਼ਨੂੰ, ਮਹੇਸ਼ ਰਾਹੀਂ ਚਲਾਈ ਜਾ ਰਹੀ ਹੈ? ਆਮ ਧਾਰਨਾ ਅਨੁਸਾਰ ਇਹ ਤਿੰਨੋ ਕੀ-ਕੀ ਕਰਦੇ ਹਨ?**

ਜੀ ਨਹੀਂ। ਸ੍ਰਿਸ਼ਟੀ ਤਾਂ ਕੇਵਲ ਅਕਾਲਪੁਰਖ ਹੀ ਚਲਾ ਰਿਹਾ ਹੈ ਪਰ ਲੋਕ ਸਮਝਦੇ ਹਨ ਕਿ ਬ੍ਰਹਮਾ ਲੋਕਾਂ ਨੂੰ ਪੈਦਾ ਕਰਦਾ ਹੈ **(ਸੰਸਾਰੀ)**, ਵਿਸ਼ਨੂੰ ਭੋਜਨ ਦਿੰਦਾ ਹੈ **(ਭੰਡਾਰੀ)** ਤੇ ਸ਼ਿਵ ਪ੍ਰਾਣ ਕਢ ਲੈਂਦਾ ਹੈ। **(ਲਾਇ ਦੀਬਾਣੁ )**

**62. 'ਏਕਾ ਮਾਈ, ਜੁਗਤਿ ਵਿਆਈ ...... ਅਨੁਸਾਰ ਕੀ ਗੁਰੂ ਸਾਹਿਬ ਇਸ ਗਲ ਨੂੰ ਮੰਨਦੇ ਹਨ ਕਿ ਸੰਸਾਰ ਦੀ ਕਾਰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਚਲਾ ਰਹੇ ਹਨ ?**

ਜੀ ਨਹੀਂ। ਗੁਰੂ ਸਾਹਿਬ ਦਾ ਬਾਣੀ ਰਚਨਾ ਦਾ ਢੰਗ ਅਜਿਹਾ ਹੈ ਕਿ ਉਹ ਪਹਿਲਾਂ ਪ੍ਰੱਚਲਿਤ ਮਿੱਥ ਦਾ ਵਰਨਣ ਕਰਦੇ ਹਨ, ਉਪਰੰਤ ਉਸਦਾ ਜਵਾਬ ਦਿੰਦੇ ਹਨ। ਇਸ ਪਉੜੀ ਵਿਚ ਲੋਕਾਂ ਵਿਚ ਪ੍ਰੱਚਲਿਤ ਮਿੱਥ ਦਾ ਵਰਨਣ ਕੀਤਾ ਹੈ। ਪਰ ਨਾਲ ਹੀ ਅਸਲ ਗਲ ਦਰਜ ਹੈ ਕਿ ਜਿਵੇਂ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ ਤਿਵੇਂ ਹੀ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ। **(ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥)**

**63. 'ਚੜੀਐ ਹੋਇ ਇਕੀਸ' ਤੋਂ ਕੀ ਭਾਵ ਹੈ ?**

**ਇਕੀਸ** ਦਾ ਭਾਵ ਹੈ **ਇਕ ਰੂਪ ਹੋ ਕੇ, ਆਪਾ ਭਾਵ ਗਵਾ ਕੇ**। ਅਕਾਲ ਪੁਰਖ ਨੂੰ ਮਿਲਣ ਵਾਸਤੇ ਜੋ ਪਉੜੀਆਂ ਹਨ, ਉਹਨਾਂ ਤੇ ਆਪਾ ਭਾਵ ਗਵਾ ਕੇ ਹੀ ਚੜ੍ਹਿਆ ਜਾ ਸਕਦਾ ਹੈ।





**64. 'ਕੂੜੀ ਕੂੜੈ ਠੀਸ' ਦਾ ਕੀ ਭਾਵ ਹੈ ?**

**ਕੂੜੀ ਠੀਸ** ਭਾਵ ਝੂਠੀ ਗੱਪ। **ਕੂੜੈ** ਭਾਵ ਝੂਠੇ ਮਨੁੱਖ ਦੀ। ਅਕਾਲ ਪੁਰਖ ਦੀ ਮਿਹਰ ਨਾਲ ਹੀ ਉਸ ਨੂੰ ਮਿਲਿਆ ਜਾ ਸਕਦਾ ਹੈ, ਨਹੀਂ ਤਾਂ ਸਿਮਰਨ ਕਰਨ ਦਾ ਵਿਖਾਵਾ ਕਰਨਾ ਝੂਠੇ ਮਨੁੱਖਾਂ ਦੀ ਨਿਰੀ ਝੂਠੀ ਸ਼ੇਖੀ ਮਾਰਨੀ (boastful talk) ਹੈ ।

**65. ਜਪੁਜੀ ਸਾਹਿਬ ਵਿਚ ਕਿਹੜੇ ਪੰਜ ਖੰਡਾਂ ਦਾ ਜ਼ਿਕਰ ਹੈ । ਲੜੀਵਾਰ ਲਿਖੋ?**

1. **ਧਰਮ ਖੰਡ** (Realm of Righteousness)
2. **ਗਿਆਨ ਖੰਡ** (Realm of Knowledge)
3. **ਸਰਮ ਖੰਡ** (Realm of Effort)
4. **ਕਰਮ ਖੰਡ** (Realm of Grace)
5. **ਸਚ ਖੰਡ** (Realm of Truth)

**66. ਪੰਜ ਖੰਡਾਂ ਦਾ ਸੰਖੇਪ ਵੇਰਵਾ ਦਿਉ?**

1. **ਧਰਮ ਖੰਡ** – ਜੀਵ ਆਪਣੇ ਫਰਜ਼ ਨੂੰ ਪਛਾਣਦਾ ਹੈ ।
2. **ਗਿਆਨ ਖੰਡ** – ਵਹਿਮ-ਭਰਮ ਉੱਡ ਜਾਂਦੇ ਹਨ ਅਤੇ ਗਿਆਨ ਰਾਹੀਂ ਸਮਝ ਬਣਦੀ ਹੈ ।
3. **ਸਰਮ ਖੰਡ** – ਨਾਮ ਸਿਮਰਨ ਦੀ ਮਿਹਨਤ ਨਾਲ ਸੁਰਤਿ, ਮਤਿ ਅਤੇ ਬੁਧਿ ਘੜੀ ਜਾਂਦੀ ਹੈ ।
4. **ਕਰਮ ਖੰਡ** – ਮਾਲਕ ਦੀ ਮਿਹਰ ਹੁੰਦੀ ਹੈ ਅਤੇ ਸਦਾ ਖਿੜਾਉ ਬਣਿਆ ਰਹਿੰਦਾ ਹੈ ।
5. **ਸਚ ਖੰਡ** – ਅਕਾਲ ਪੁਰਖ ਨਾਲ ਇਕ-ਮਿੱਕ ਹੋ ਜਾਈਦਾ ਹੈ।

**67. 'ਸੀਤੋ ਸੀਤਾ' ਦਾ ਕੀ ਭਾਵ ਹੈ?**

ਸੀਤੋ ਸੀਤਾ ਦਾ ਭਾਵ ਹੈ ਪੂਰਨ ਤੌਰ ਤੇ ਸੀਤਾ-ਪਰੋਤਾ (fully absorbed) ਹੋਇਆ।

**68. ਸੱਚੀ ਟਕਸਾਲ ਵਿਚ ਕਿਹੜੇ 7 ਗੁਣ ਹੁੰਦੇ ਹਨ ?**

ਸੱਚੀ ਟਕਸਾਲ ਦੇ 7 ਗੁਣ ਹਨ –

੧. **ਜਤ (chastity)** – ਆਚਰਣ ਪਵਿੱਤਰ ਹੋਵੇ।
੨. **ਧੀਰਜ (patience)** – ਦੂਜਿਆਂ ਦੀ ਵਧੀਕੀ ਸਹਾਰ ਸਕੇ।
੩. **ਮਤਿ (intellect)** – ਅਕਲ, ਉਚੀ ਸਮਝ ਹੋਵੇ।


੪. **ਗਿਆਨ (Divine knowledge)** – ਵਿਸ਼ਾਲ ਚਾਨਣ (Enlightenment) ਹੋਵੇ।

੫. **ਭਉ (God's fear)** – ਪ੍ਰਭੂ ਦਾ ਡਰ ਹਿਰਦੇ ਵਿਚ ਟਿਕਿਆ ਰਹੇ।

੬. **ਤਪ ਤਾਉ (Disciplined life)** – ਸੇਵਾ ਦੀ ਘਾਲ ਘਾਲੀ ਜਾਏ।

੭. **ਭਾਉ (His Love)** – ਦਿਲ ਵਿਚ ਪਿਆਰ ਹੋਵੇ।

ਇਹਨਾਂ ਗੁਣਾਂ ਨੂੰ ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਨੇ ਇਕ ਸੁਨਿਆਰੇ ਦੀ ਉਦਾਹਰਣ ਲੈ ਕੇ ਸਮਝਾਇਆ ਹੈ। ਜਤ –ਰੂਪ **(ਪਵਿੱਤਰ ਆਚਰਣ)** ਦੁਕਾਨ ਹੋਵੇ, **ਧੀਰਜ** ਸੁਨਿਆਰਾ (Goldsmith) ਬਣੇ, ਮਨੁੱਖ ਦੀ ਆਪਣੀ **ਮਤਿ** ਅਹਿਰਣ (goldsmith's block) ਹੋਵੇ, ਉਸ ਉਤੇ **ਗਿਆਨ** ਦਾ ਹਥੌੜਾ ਵੱਜੇ।




ਅਕਾਲ ਪੁਰਖ ਦਾ **ਡਰ** ਧੌਂਕਣੀ (bellows) ਹੋਵੇ, **ਘਾਲ ਕਮਾਈ** ਅੱਗ ਹੋਵੇ ਤੇ





**ਪ੍ਰੇਮ** ਦਾ ਭਾਂਡਾ (ਕੁਠਾਲੀ – earthen pot) ਹੋਵੇ ਉਸ ਵਿਚ ਅਕਾਲ ਪੁਰਖ ਦਾ ਅੰਮ੍ਰਿਤ ਨਾਮ ਢਾਲੋ (mould)। ਅਜਿਹੀ ਸੱਚੀ ਟਕਸਾਲ ਵਿਚ ਗੁਰੂ ਦਾ ਸ਼ਬਦ ਘੜਿਆ ਜਾਂਦਾ ਹੈ। ਇਹ ਕਾਰ ਉਨ੍ਹਾਂ ਮਨੁੱਖਾ ਦੀ ਹੈ ਜਿਨ੍ਹਾਂ ਉੱਤੇ ਮਿਹਰ ਦੀ ਨਜ਼ਰ, ਬਖ਼ਸ਼ਿਸ ਹੁੰਦੀ ਹੈ। ਉਹ ਅਕਾਲ ਪੁਰਖ ਦੀ ਕਿਰਪਾ-ਦ੍ਰਿਸ਼ਟੀ ਨਾਲ ਨਿਹਾਲ ਹੋ ਜਾਂਦੇ ਹਨ।

**69. 'ਪਵਣੁ ਗੁਰੂ' ਦਾ ਕੀ ਭਾਵ ਹੈ ?**

ਜਿਵੇਂ ਸਰੀਰ ਲਈ ਪ੍ਰਾਣ ਭਾਵ ਸੁਆਸ, ਹਵਾ, ਜ਼ਰੂਰੀ ਹੈ ਤਿਵੇਂ ਹੀ ਗੁਰੂ ਵੀ ਜੀਵਾਂ ਦੀ ਆਤਮਾ ਲਈ ਜ਼ਰੂਰੀ ਹੈ ।

**70. ਜਗਤ ਦੀ ਖੇਡ ਕਿਹੋ ਜਿਹੀ ਹੈ ?**

ਸੰਸਾਰ ਦੇ ਸਾਰੇ ਜੀਵ ਰਾਤ ਨੂੰ ਸੌਣ ਅਤੇ ਦਿਨੇ ਕਾਰ ਵਿਹਾਰ ਵਿਚ ਪਰਚੇ (busy) ਹੋਏ ਹਨ। ਇੰਞ ਦਿਨ ਤੇ ਰਾਤ ਦੋਵੇਂ ਖਿਡਾਵਾ ਤੇ ਖਿਡਾਵੀ ਹਨ ਅਤੇ ਇਹ ਸਾਰਾ ਸੰਸਾਰ ਖੇਡ ਰਿਹਾ ਹੈ। **(ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥)**

**71. 'ਮਸਕਤਿ ਘਾਲ' ਦਾ ਕੀ ਅਰਥ ਹੈ ?**

**ਮਸਕਤਿ** ਦਾ ਅਰਥ ਹੈ 'ਮਿਹਨਤ' ਅਤੇ **ਘਾਲ** ਭਾਵ 'ਸਫਲੀ ਕਰਕੇ'। ਜਿਨ੍ਹਾਂ ਮਨੁੱਖਾਂ ਨੇ ਅਕਾਲ ਪੁਰਖ ਦਾ ਨਾਮ ਸਿਮਰਿਆ ਹੈ, ਉਹ ਆਪਣੀ ਮਿਹਨਤ ਸਫਲੀ ਕਰ ਗਏ ਹਨ।

**72. 'ਕੇਤੀ ਛੁਟੀ ਨਾਲਿ' ਦਾ ਕੀ ਭਾਵ ਹੈ?**

ਸਿਮਰਨ ਕਰਨ ਵਾਲਿਆਂ ਦੀ ਸੰਗਤ ਵਿੱਚ ਹੋਰ ਵੀ ਕਈ ਜੀਵ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਜਾਂਦੇ ਹਨ ।

**73. 'ਜਪੁ' ਜੀ ਸਾਹਿਬ ਦਾ ਸਰਵੋਤਮ ਟੀਕਾ ਕਿਹੜਾ ਹੈ ?**

ਮੁਢਲੇ ਗੁਰਮਤਿ ਗਿਆਨ ਤੋਂ ਬਾਅਦ ਅਸਲ ਅਰਥ ਜੀਵ ਦੇ ਅੰਤਰ ਆਤਮੇ ਚੋਂ ਹੀ ਪਰਗਟ ਹੁੰਦੇ ਹਨ। ਇਹੀ ਸਰਵੋਤਮ ਟੀਕਾ ਹੋਵੇਗਾ।

### ਦੋ ਕੰਨ ਜਾਂ ਚਾਰ ਕੰਨ

ਅਸੀਂ ਬਾਣੀ ਕੇਵਲ ਦੋ ਕੰਨਾਂ ਨਾਲ ਸੁਣਦੇ ਹਾਂ। ਅਸਲ ਵਿੱਚ ਸਾਡੇ 4 ਕੰਨ ਹੁੰਦੇ ਹਨ - **2 ਤਨ ਦੇ** ਤੇ **2 ਮਨ ਦੇ**। ਸਾਨੂੰ ਚੌਕੰਨੇ ਹੋ ਕੇ ਭਾਵ ਸਾਵਧਾਨ ਹੋ ਕੇ ਬਾਣੀ ਸੁਣਨੀ ਚਾਹੀਦੀ ਹੈ।

ਇੰਝ ਬਾਣੀ ਅੰਦਰ ਵਸ ਜਾਂਦੀ ਹੈ ਤੇ ਦੁਖ-ਰੋਗ-ਸੰਤਾਪ ਸਭ ਤਿੱਤਰ ਹੋ ਜਾਂਦੇ ਹਨ। ਮਨ ਐਸਾ ਬਲਵਾਨ ਹੋ ਜਾਂਦਾ ਹੈ ਕਿ ਦੁੱਖ ਵਿੱਚ ਵੀ ਸੁਖ ਦਾ ਹੀ ਅਨੁਭਵ ਹੁੰਦਾ ਹੈ।

**ਭਾਈ ਰੇ, ਗੁਰ ਬਿਨੁ ਸਹਜੁ ਨ ਹੋਇ॥**
**ਸਬਦੈ ਹੀ ਤੇ ਸਹਜੁ ਉਪਜੈ,**
**ਹਰਿ ਪਾਇਆ ਸਚੁ ਸੋਇ॥ ( ਪੰਨਾ 68)**

ਆਓ ਗੁਰੂ ਪਿਆਰਿਓ! ਸਾਰੇ ਗੁਰੂ ਚਰਨੀ ਲਗੀਏ। ਹਰ ਰੋਜ਼, ਆਪੋ ਆਪਣਾ ਸਹਿਜ ਪਾਠ ਕਰੀਏ।

ਗੁਰੂ ਸਾਹਿਬ ਦੇ ਸਰੂਪ ਤੋਂ, ਸੈਂਚੀਆਂ ਤੋਂ (ਦੋ ਭਾਗ), ਸ਼ਬਦਾਰਥ ਤੋਂ (ਚਾਰ ਭਾਗ) ਜਾਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਤੋਂ (ਦਸ ਭਾਗ- ਪ੍ਰੋ ਸਾਹਿਬ ਸਿੰਘ ਕ੍ਰਿਤ), ਜਿਥੋਂ ਮਰਜੀ ਕੁੱਝ ਅੰਕ ਜ਼ਰੂਰ ਸਮਝ ਕੇ, ਵੀਚਾਰ ਕੇ, ਸਹਿਜ ਪਾਠ ਕਰੀਏ।





# ਭਾਵ ਅਰਥ (ਟੀਕਾ)

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥**

ਅਕਾਲ ਪੁਰਖ ਇਕ ਹੈ **(ੴ),** ਉਸ ਦਾ ਨਾਮ ਹੋਂਦ (has existence) ਵਾਲਾ ਹੈ **(ਸਤਿਨਾਮੁ)**, ਸ੍ਰਿਸ਼ਟੀ ਦਾ ਰਚਨਹਾਰ (Creator) **(ਕਰਤਾ)**, ਸਭ ਵਿਚ ਵਿਆਪਕ ਹੈ **(ਪੁਰਖੁ)**, ਭੈ ਤੋਂ ਰਹਿਤ (without fear) ਹੈ **(ਨਿਰਭਉ)**, ਵੈਰ-ਰਹਿਤ (inimical to none) ਹੈ **(ਨਿਰਵੈਰੁ)**, ਉਸ ਦਾ ਸਰੂਪ ਕਾਲ ਤੋਂ ਪਰ੍ਹੇ ਹੈ {ਭਾਵ ਨਾਸ਼ ਰਹਿਤ ਹੈ (never dies)}, **(ਅਕਾਲ ਮੂਰਤਿ)**, ਉਹ ਜੂਨਾਂ ਵਿਚ ਨਹੀਂ ਆਉਂਦਾ **(ਅਜੂਨੀ)**, ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ (self-illuminated) ਹੋਇਆ ਹੈ **(ਸੈਭੰ)** ਅਤੇ ਉਹ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ **(ਗੁਰਪ੍ਰਸਾਦਿ)**।

**ਨੋਟ :** ਇਹ ਮੰਗਲਾਚਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿਚ ਬਾਣੀ ਜਪੁ ਜੀ ਸਾਹਿਬ ਤੋਂ ਪਹਿਲਾਂ ਅਤੇ ਵੱਖ-ਵੱਖ ਰਾਗਾਂ ਦੇ ਆਰੰਭ ਵਿਚ ਵੀ ਦਰਜ ਹੈ।

**॥ ਜਪੁ ॥**

ਇਹ ਬਾਣੀ ਦਾ ਨਾਮ ਹੈ। 'ਜਪੁ' ਦਾ ਅਰਥ ਹੈ, ਜਪ, ਸਿਮਰਨ ਕਰਨਾ।

**ਆਦਿ* ਸਚੁ** ਜੁਗਾਦਿ*** ਸਚੁ ॥** *ਮੁੱਢ ਤੋਂ **ਹੋਂਦ ਵਾਲਾ ***ਜੁਗਾਂ ਦੇ ਮੁੱਢ ਤੋਂ
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥**

ਹੇ ਨਾਨਕ! ਅਕਾਲ ਪੁਰਖ ਮੁੱਢ (since inception) ਤੋਂ ਹੀ ਹੋਂਦ ਵਾਲਾ (has existence) ਹੈ। ਜੁਗਾਂ ਦੇ ਮੁੱਢ (when the ages commenced) ਤੋਂ ਮੌਜੂਦ ਹੈ। ਇਸ ਵੇਲੇ ਵੀ ਮੌਜੂਦ ਹੈ ਤੇ ਅਗਾਂਹ ਨੂੰ ਵੀ ਰਹੇਗਾ।

**{ਪਉੜੀ – ੧}**

**ਸੋਚੈ* ਸੋਚਿ** ਨ ਹੋਵਈ** *ਪਵਿਤਰਤਾ ਰੱਖਣ ਨਾਲ **ਪਵਿਤਰਤਾ
**ਜੇ ਸੋਚੀ* ਲਖ ਵਾਰ॥** *ਮੈਂ ਰੱਖਾਂ
**ਚੁਪੈ* ਚੁਪ** ਨ ਹੋਵਈ** *ਚੁੱਪ ਰਹਿਣ ਨਾਲ **ਸ਼ਾਂਤੀ, ਮਨ ਦਾ ਟਿਕਾਉ
**ਜੇ ਲਾਇ ਰਹਾ *ਲਿਵ ਤਾਰ॥** *ਲਗਾਤਾਰ ਸਮਾਧੀ

ਜੇ ਮੈਂ ਲੱਖ ਵਾਰੀ ਇਸ਼ਨਾਨ ਕਰਕੇ ਸਰੀਰ ਨੂੰ ਸੁੱਚਾ ਰੱਖਾਂ ਤਾਂ ਵੀ ਮਨ ਸੁੱਚਾ ਨਹੀਂ ਹੋ ਸਕਦਾ। ਜੇ ਮੈਂ ਸਰੀਰ ਦੀ ਲਗਾਤਾਰ ਸਮਾਧੀ ਲਾਈ ਰੱਖਾਂ, ਤਾਂ ਵੀ ਇਸ ਤਰਾਂ ਚੁੱਪ ਰਹਿਣ ਨਾਲ ਮਨ ਸ਼ਾਂਤ ਨਹੀਂ ਹੋ ਸਕਦਾ।

**ਭੁਖਿਆ* ਭੁਖ** ਨ ਉਤਰੀ** *ਤ੍ਰਿਸ਼ਨਾ ਦੇ ਅਧੀਨ ਰਹਾਂ **ਲਾਲਚ
**ਜੇ ਬੰਨਾ* ਪੁਰੀਆ** ਭਾਰ*** ॥** *ਸਾਂਭ ਲਵਾਂ **ਸਾਰੇ ਭਵਨਾਂ ਦੇ ***ਪਦਾਰਥ
**ਸਹਸ* ਸਿਆਣਪਾ ਲਖ ਹੋਹਿ** *ਹਜ਼ਾਰਾਂ
**ਤ ਇਕ ਨ ਚਲੈ ਨਾਲਿ ॥**

ਜੇ ਮੈਂ ਸਾਰੇ ਭਵਨਾਂ ਦੇ ਪਦਾਰਥਾਂ ਦੇ ਢੇਰ ਸਾਂਭ ਲਵਾਂ, ਤਾਂ ਵੀ ਲਾਲਚ ਦੇ ਅਧੀਨ ਰਿਹਾਂ, ਲਾਲਚ ਦੂਰ ਨਹੀਂ ਹੋ ਸਕਦਾ। ਜੇ ਮੇਰੇ ਵਿੱਚ ਹਜ਼ਾਰਾਂ ਤੇ ਲੱਖਾਂ ਚਤੁਰਾਈਆਂ ਹੋਣ, ਤਾਂ ਇਕ ਚਤੁਰਾਈ ਵੀ ਸਾਥ ਨਹੀਂ ਦੇਂਦੀ।

**ਕਿਵ ਸਚਿਆਰਾ* ਹੋਈਐ** *ਸੱਚ ਦਾ ਘਰ
**ਕਿਵ ਕੂੜੈ* ਤੁਟੈ ਪਾਲਿ** ॥** *ਝੂਠ **ਕੰਧ, ਦੀਵਾਰ
**ਹੁਕਮਿ ਰਜਾਈ* ਚਲਣਾ** *ਰਜ਼ਾ ਵਾਲਾ, ਅਕਾਲ ਪੁਰਖ
**ਨਾਨਕ ਲਿਖਿਆ ਨਾਲਿ* ॥੧॥** *ਜਦ ਤੋਂ ਜਗਤ ਬਣਿਆ ਹੈ

ਫਿਰ ਸੱਚ ਦੀ ਪਾਲਣਾ ਕਰਨ ਦੇ ਯੋਗ ਕਿਵੇਂ ਬਣ ਸਕੀਦਾ ਹੈ ਅਤੇ ਸਾਡੇ ਅੰਦਰ ਦਾ ਝੂਠ ਦਾ ਪਰਦਾ (barrier of falsehood) ਕਿਵੇਂ ਟੁੱਟ ਸਕਦਾ ਹੈ ?

ਰਜ਼ਾ ਦੇ ਮਾਲਕ ਅਕਾਲ ਪੁਰਖ ਦੇ ਹੁਕਮ ਵਿਚ ਤੁਰਨ ਨਾਲ (obeying the pre-ordained Command) ਹੀ ਇਹ ਪਰਦਾ ਟੁੱਟੇਗਾ।

ਹੇ ਨਾਨਕ ! ਜਦ ਤੋਂ ਜਗਤ ਬਣਿਆ ਹੈ, ਇਹੀ ਗੱਲ ਸੱਚ ਹੈ।

## (ਪਉੜੀ - ੨)

**ਹੁਕਮੀ* ਹੋਵਨਿ ਆਕਾਰ**** *ਹੁਕਮ ਅਨੁਸਾਰ **ਸਰੀਰ
**ਹੁਕਮੁ ਨ ਕਹਿਆ ਜਾਈ ॥**
**ਹੁਕਮੀ ਹੋਵਨਿ ਜੀਅ**
**ਹੁਕਮਿ ਮਿਲੈ ਵਡਿਆਈ ॥**

ਅਕਾਲ ਪੁਰਖ ਦੇ ਹੁਕਮ (God's Command) ਅਨੁਸਾਰ ਸਾਰੇ ਸਰੀਰ ਜਾਂ





ਪਦਾਰਥ ਬਣਦੇ ਹਨ, ਪਰ ਇਹ ਦੱਸਿਆ ਨਹੀਂ ਜਾ ਸਕਦਾ ਕਿ ਹੁਕਮ ਕਿਹੋ ਜਿਹਾ ਹੈ ?

ਰੱਬ ਦੇ ਹੁਕਮ ਅਨੁਸਾਰ ਹੀ ਸਾਰੇ ਜੀਵ ਜੰਮਦੇ (lives are infused) ਹਨ ਅਤੇ ਹੁਕਮ ਅਨੁਸਾਰ ਹੀ ਜੀਵਾਂ ਨੂੰ ਸੋਭਾ (honour is gained) ਮਿਲਦੀ ਹੈ ।

**ਹੁਕਮੀ ਉਤਮੁ ਨੀਚੁ**
**ਹੁਕਮਿ ਲਿਖਿ* ਦੁਖ ਸੁਖ ਪਾਈਅਹਿ ॥** *ਲਿਖੇ ਅਨੁਸਾਰ
**ਇਕਨਾ* ਹੁਕਮੀ ਬਖਸੀਸ** *ਕਈਆਂ ਨੂੰ
**ਇਕਿ* ਹੁਕਮੀ ਸਦਾ ਭਵਾਈਅਹਿ** ॥** *ਕਈ ਮਨੁੱਖ **ਜਨਮ-ਮਰਨ ਦੇ ਗੇੜ ਵਿਚ

ਰੱਬ ਦੇ ਹੁਕਮ ਵਿਚ ਕੋਈ ਮਨੁੱਖ ਚੰਗਾ ਬਣ ਜਾਂਦਾ ਹੈ, ਕੋਈ ਭੈੜਾ। ਉਸ ਦੇ ਹੁਕਮ ਵਿਚ ਹੀ ਆਪਣੇ ਕੀਤੇ ਹੋਏ ਕਰਮਾਂ ਦੇ ਲਿਖੇ ਅਨੁਸਾਰ ਦੁਖ ਤੇ ਸੁਖ ਭੋਗੀਦੇ ਹਨ।

ਉਸਦੇ ਹੁਕਮ ਵਿਚ ਹੀ ਕਈਆਂ ਉਤੇ ਬਖਸ਼ਿਸ਼ ਹੁੰਦੀ ਹੈ ਅਤੇ ਹੁਕਮ ਵਿਚ ਹੀ ਕਈ ਨਿੱਤ ਜਨਮ-ਮਰਨ ਦੇ ਗੇੜ ਵਿਚ (wander in transmigration) ਪਏ ਰਹਿੰਦੇ ਹਨ।

**ਹੁਕਮੈ ਅੰਦਰਿ *ਸਭੁ ਕੋ ਬਾਹਰਿ ਹੁਕਮ ਨ ਕੋਇ ॥** *ਹਰੇਕ ਜੀਵ
**ਨਾਨਕ ਹੁਕਮੈ ਜੇ *ਬੁਝੈ ਤ ਹਉਮੈ ਕਹੈ ਨ ਕੋਇ ॥੨॥** *ਸਮਝ ਲਏ

ਹਰੇਕ ਜੀਵ ਰੱਬ ਦੇ ਹੁਕਮ ਵਿਚ ਹੀ ਹੈ, ਕੋਈ ਵੀ ਹੁਕਮ ਤੋਂ ਬਾਹਰ (disobedient) ਨਹੀਂ ਹੋ ਸਕਦਾ ।

ਹੇ ਨਾਨਕ ! ਜੇ ਕੋਈ ਅਕਾਲ ਪੁਰਖ ਦੇ ਹੁਕਮ ਨੂੰ ਸਮਝ ਲਏ, ਤਾਂ ਫਿਰ ਉਹ ਹਉਮੈ ਜਾਂ ਸੁਆਰਥ ਦੀਆਂ ਗੱਲਾਂ ਨਹੀਂ ਕਰਦਾ ।

## (ਪਉੜੀ - ੩)

**ਗਾਵੈ ਕੋ ਤਾਣੁ* ਹੋਵੈ ਕਿਸੈ** ਤਾਣੁ ॥** *ਬਲ, ਤਾਕਤ **ਜਿਸ ਕਿਸੇ ਮਨੁੱਖ ਨੂੰ
**ਗਾਵੈ ਕੋ ਦਾਤਿ ਜਾਣੈ ਨੀਸਾਣੁ* ॥** *ਬਖ਼ਸ਼ਿਸ਼ ਦਾ ਨਿਸ਼ਾਨ

ਜਿਸ ਕਿਸੇ ਮਨੁੱਖ ਵਿੱਚ ਸਮਰੱਥਾ ਹੁੰਦੀ ਹੈ, ਉਹੀ ਰੱਬ ਦੇ ਤਾਣ (ਤਾਕਤ) ਨੂੰ ਗਾਉਂਦਾ ਹੈ ਭਾਵ ਉਹਦੀ ਸਿਫ਼ਤ ਸਲਾਹ ਕਰਦਾ ਹੈ ਤੇ ਉਸ ਦੇ ਉਹ ਕੰਮ ਕਥਨ ਕਰਦਾ ਹੈ, ਜਿਨ੍ਹਾਂ ਤੋਂ ਉਹਦੀ ਵੱਡੀ ਤਾਕਤ ਪਰਗਟ ਹੋਵੇ। ਕੋਈ ਮਨੁੱਖ ਉਸ ਦੀਆਂ ਦਾਤਾਂ ਨੂੰ ਹੀ ਗਾਉਂਦਾ ਹੈ ਕਿਉਂਕਿ ਇਹਨਾਂ ਦਾਤਾਂ ਨੂੰ ਉਹ ਰੱਬ ਦੀ ਰਹਿਮਤ ਦਾ ਨਿਸ਼ਾਨ ਸਮਝਦਾ ਹੈ ।

**ਗਾਵੈ ਕੋ ਗੁਣ ਵਡਿਆਈਆ ਚਾਰ* ॥** *ਸੁੰਦਰ, ਸੋਹਣੀਆਂ

**ਗਾਵੈ ਕੋ ਵਿਦਿਆ ਵਿਖਮੁ* ਵੀਚਾਰੁ** ॥** *ਔਖਾ **ਗਿਆਨ

ਕੋਈ ਮਨੁੱਖ ਰੱਬ ਦੇ ਸੋਹਣੇ ਗੁਣ ਤੇ ਵਡਿਆਈਆਂ (virtues and excellences of God) ਗਾਉਂਦਾ ਹੈ। ਕੋਈ ਵਿੱਦਿਆ ਦੇ ਬਲ ਨਾਲ ਅਕਾਲ ਪੁਰਖ ਦੇ ਕਠਨ ਗਿਆਨ ਨੂੰ ਗਾਉਂਦਾ ਹੈ ਭਾਵ ਆਤਮਕ ਫਿਲਾਸਫੀ ਦੇ ਔਖੇ ਵਿਸ਼ਿਆਂ ਤੇ ਵਿਚਾਰ ਕਰਦਾ ਹੈ।

**ਗਾਵੈ ਕੋ ਸਾਜਿ* ਕਰੇ ਤਨੁ ਖੇਹ**॥** *ਪੈਦਾ ਕਰ ਕੇ **ਸੁਆਹ

**ਗਾਵੈ ਕੋ ਜੀਅ ਲੈ ਫਿਰਿ ਦੇਹ॥**

ਪਰ ਕੋਈ ਗਾਉਂਦਾ ਹੈ, ਅਕਾਲਪੁਰਖ ਸਰੀਰ ਨੂੰ ਬਣਾ ਕੇ ਫਿਰ ਸੁਆਹ ਕਰ ਦੇਂਦਾ ਹੈ। ਕੋਈ ਗਾਉਂਦਾ ਹੈ, ਪ੍ਰਭੂ ਸਰੀਰਾਂ ਵਿਚੋਂ ਜਿੰਦਾ ਕੱਢ ਕੇ ਦੂਜੇ ਵਿੱਚ ਪਾ ਦੇਂਦਾ ਹੈ।

**ਗਾਵੈ ਕੋ ਜਾਪੈ* ਦਿਸੈ ਦੂਰਿ॥** *ਪਰਤੀਤ ਹੁੰਦਾ ਹੈ

**ਗਾਵੈ ਕੋ ਵੇਖੈ *ਹਾਦਰਾ ਹਦੂਰਿ॥** *ਸਭ ਥਾਂਈ ਹਾਜ਼ਰ

ਕੋਈ ਮਨੁੱਖ ਆਖਦਾ ਹੈ, ਅਕਾਲਪੁਰਖ ਦੂਰ ਜਾਪਦਾ (seems to be far away) ਹੈ, ਦੂਰ ਦਿੱਸਦਾ ਹੈ। ਕੋਈ ਆਖਦਾ ਹੈ, ਨਹੀਂ! ਨੇੜੇ ਹੈ, ਸਭ ਥਾਂਈ ਹਾਜ਼ਰ ਹੈ, ਸਭ ਨੂੰ ਵੇਖ ਰਿਹਾ ਹੈ।

**ਕਥਨਾ* ਕਥੀ ਨ ਆਵੈ ਤੋਟਿ**॥** *ਕਹਿਣਾ **ਅੰਤ

***ਕਥਿ ਕਥਿ ਕਥੀ ਕੋਟੀ ਕੋਟਿ** ਕੋਟਿ॥** *ਬੇਅੰਤ ਵਾਰੀ ਵਰਨਣ ਕੀਤਾ **ਕਰੋੜ

ਭਾਵੇਂ ਕਰੋੜਾਂ ਹੀ ਜੀਵਾਂ ਨੇ ਬੇਅੰਤ ਵਾਰੀ ਅਕਾਲ ਪੁਰਖ ਦੇ ਹੁਕਮ ਨੂੰ ਬਿਆਨ ਕੀਤਾ ਹੈ, ਇੰਝ ਕਰਕੇ ਵੀ ਹੁਕਮ ਦਾ ਅੰਤ ਨਹੀਂ ਪਾ ਸਕਿਆ, ਭਾਵ ਹੁਕਮ ਦਾ ਸਹੀ ਸਰੂਪ ਨਹੀਂ ਲੱਭ ਸਕਿਆ।

**ਦੇਦਾ* ਦੇ ਲੈਦੇ **ਥਕਿ ਪਾਹਿ॥** *ਦੇਣ ਵਾਲਾ **exhaust

***ਜੁਗਾ ਜੁਗੰਤਰਿ **ਖਾਹੀ ਖਾਹਿ॥** *ਸਾਰੇ ਜੁਗਾਂ ਵਿਚ ਹੀ **ਵਰਤਦੇ ਰਹੇ ਹਨ

ਦਾਤਾਰ ਦੇਂਦਾ ਹੈ ਪਰ ਜੀਵ ਲੈ-ਲੈ ਕੇ ਥੱਕ ਜਾਂਦੇ ਹਨ ਭਾਵ ਲੈਂਦੇ-ਲੈਂਦੇ ਜੀਵਨ ਦਾ ਅੰਤ ਹੋ ਜਾਂਦਾ ਹੈ। ਅਕਾਲਪੁਰਖ ਸਭ ਜੀਵਾਂ ਨੂੰ ਜੁਗਾਂ ਤੋਂ ਹੀ ਰਿਜ਼ਕ ਦੇ ਰਿਹਾ ਹੈ। ਸਭ ਜੀਵ ਸਦਾ ਤੋਂ ਹੀ ਇਹ ਪਦਾਰਥ ਖਾਂਦੇ-ਵਰਤਦੇ ਚਲੇ ਆ ਰਹੇ ਹਨ।

**ਹੁਕਮੀ* ਹੁਕਮੁ ਚਲਾਏ ਰਾਹੁ**॥** *ਹੁਕਮ ਦਾ ਮਾਲਕ ਅਕਾਲਪੁਰਖ **ਰਸਤਾ





**ਨਾਨਕ ਵਿਗਸੈ* ਵੇਪਰਵਾਹੁ** ॥੩॥** *ਖਿੜ ਰਿਹਾ ਹੈ **ਬੇਫ਼ਿਕਰ

ਹੁਕਮ ਕਰਨ ਵਾਲੇ ਰੱਬ ਦਾ ਹੁਕਮ ਹੀ, ਸੰਸਾਰ ਦੀ ਕਾਰ ਵਿਹਾਰ ਸਭ ਕੁਝ ਚਲਾ ਰਿਹਾ ਹੈ। ਹੇ ਨਾਨਕ! ਉਹ ਨਿਰੰਕਾਰ ਸਦਾ ਬੇਫ਼ਿਕਰ ਹੈ ਭਾਵ ਐਨੀ ਵੱਡੀ ਕਾਰ ਨਿਭਾਹੁਣ ਨਾਲ ਉਸ ਨੂੰ ਕੋਈ ਘਬਰਾਹਟ ਨਹੀਂ। ਉਹ ਸਦਾ ਖਿੜਿਆ (always merry) ਰਹਿੰਦਾ ਹੈ।

## (ਪਉੜੀ – ੪)

**ਸਾਚਾ* ਸਾਹਿਬੁ ਸਾਚੁ ਨਾਇ** *ਸਦਾ ਥਿਰ

**ਭਾਖਿਆ* ਭਾਉ** ਅਪਾਰੁ***॥** *ਬੋਲੀ **ਪ੍ਰੇਮ ***ਬੇਅੰਤ

**ਆਖਹਿ* ਮੰਗਹਿ** ਦੇਹਿ ਦੇਹਿ** *ਅਸੀਂ ਆਖਦੇ ਹਾਂ **ਅਸੀਂ ਮੰਗਦੇ ਹਾਂ

**ਦਾਤਿ ਕਰੇ ਦਾਤਾਰੁ॥**

ਅਕਾਲ ਪੁਰਖ ਸਦਾ ਥਿਰ ਰਹਿਣ ਵਾਲਾ ਹੈ। ਉਸ ਦਾ ਨਾਮ ਵੀ ਸਦਾ ਅਟੱਲ ਹੈ। ਉਸ ਦੀ ਬੋਲੀ ਪ੍ਰੇਮ ਹੈ ਅਤੇ ਉਹ ਆਪ ਬੇਅੰਤ ਹੈ।

ਅਸੀਂ ਜੀਵ ਆਖਦੇ ਹਾਂ, ਉਸ ਪਾਸੋਂ ਦਾਤਾਂ ਮੰਗਦੇ ਹਾਂ – ਹੇ ਹਰੀ! ਸਾਨੂੰ ਦਾਤਾਂ 'ਦਿਓ', 'ਦਿਓ'। ਉਹ ਦਾਤਾਰ ਬਖਸ਼ਿਸ਼ਾਂ ਕਰਦਾ ਹੈ ਤੇ ਸਦਾ ਕਰੀ ਹੀ ਜਾ ਰਿਹਾ ਹੈ।

**ਫੇਰਿ ਕਿ* ਅਗੈ ਰਖੀਐ** ਕੀ ?

**ਜਿਤੁ ਦਿਸੈ ਦਰਬਾਰੁ॥**

**ਮੁਹੌ* **ਕਿ ਬੋਲਣੁ ਬੋਲੀਐ** *ਮੂੰਹ ਤੋਂ **ਕਿਹੜਾ ਬਚਨ

**ਜਿਤੁ ਸੁਣਿ ਧਰੇ ਪਿਆਰੁ॥**

ਜੇ ਸਾਰੀਆਂ ਦਾਤਾਂ ਉਹ ਆਪ ਹੀ ਬਖ਼ਸ਼ ਰਿਹਾ ਹੈ ਤਾਂ ਫਿਰ ਅਸੀਂ ਕਿਹੜੀ ਭੇਟਾ ਉਸ ਅਕਾਲਪੁਰਖ ਦੇ ਅੱਗੇ ਰੱਖੀਏ, ਜਿਸ ਦੇ ਸਦਕਾ ਸਾਨੂੰ ਉਸ ਦਾ ਦਰਬਾਰ ਦਿਸ ਪਵੇ? ਅਸੀਂ ਮੂੰਹੋਂ ਕਿਹੜਾ ਬਚਨ ਬੋਲੀਏ, ਕਿਹੋ ਜਿਹੀ ਅਰਦਾਸ ਕਰੀਏ, ਜਿਸ ਨੂੰ ਸੁਣ ਕੇ ਉਹ ਸਾਨੂੰ ਪਿਆਰ ਕਰਨ (may bestow His love) ਲੱਗ ਪਵੇ ਭਾਵ ਪਰਮਾਤਮਾ ਨੂੰ ਪਾਉਣ ਲਈ ਕਿਹੜੀ ਵਿਧੀ ਅਪਣਾਈਏ?

***ਅੰਮ੍ਰਿਤ ਵੇਲਾ ਸਚੁ ਨਾਉ** *ਪੂਰਨ ਖਿੜਾਉ ਦਾ ਸਮਾਂ

**ਵਡਿਆਈ ਵੀਚਾਰੁ ॥**

**ਕਰਮੀ* ਆਵੈ ਕਪੜਾ** *ਪ੍ਰਭੂ ਦੀ ਮਿਹਰ ਨਾਲ

**ਨਦਰੀ* ਮੋਖੁ** ਦੁਆਰੁ ॥** *ਮਿਹਰ ਦੀ ਨਜ਼ਰ **ਮੁਕਤੀ

**ਨਾਨਕ ਏਵੈ* ਜਾਣੀਐ** *ਇਸ ਤਰ੍ਹਾਂ

**ਸਭੁ* ਆਪੇ ਸਚਿਆਰੁ** ॥੪॥** *ਸਭ ਥਾਈ **ਸੱਚਾ

ਪੂਰਨ ਖਿੜਾਉ (early ambrosial morning) ਦੇ ਸਮੇਂ ਨਾਮ ਸਿਮਰੀਏ ਤੇ ਉਸ ਦੀਆਂ ਵਡਿਆਈਆਂ ਦੀ ਵੀਚਾਰ (ponder over) ਕਰੀਏ। ਪ੍ਰਭੂ ਦੀ ਮਿਹਰ ਨਾਲ ਸਰੀਰ ਰੂਪੀ ਕੱਪੜਾ ਮਿਲਦਾ ਹੈ। ਉਸ ਦੀ ਕਿਰਪਾ ਦ੍ਰਿਸ਼ਟੀ ਨਾਲ ਰੱਬ ਦਾ ਦਰ ਪ੍ਰਾਪਤ ਹੋ ਜਾਂਦਾ ਹੈ। ਹੇ ਨਾਨਕ! ਇਸ ਤਰ੍ਹਾਂ ਇਹ ਸਮਝ ਆ ਜਾਂਦੀ ਹੈ ਕਿ ਉਹ ਸੱਚੀ ਹੋਂਦ ਦਾ ਮਾਲਕ ਅਕਾਲਪੁਰਖ, ਸਭ ਥਾਈਂ ਭਰਪੂਰ ਹੈ।

ਦਾਨ ਪੁੰਨ ਕਰਨ ਜਾਂ ਕੋਈ ਮਾਇਕ ਭੇਟਾ ਪੇਸ਼ ਕਰਨ ਨਾਲ ਜੀਵ ਦੀ ਪ੍ਰਭੂ ਨਾਲੋਂ ਵਿੱਥ ਮਿਟ ਨਹੀਂ ਸਕਦੀ ਕਿਉਂਕਿ ਇਹ ਦਾਤਾਂ ਤਾਂ ਸਭ ਉਸ ਪ੍ਰਭੂ ਦੀਆਂ ਹੀ ਦਿੱਤੀਆ ਹੋਈਆਂ ਹਨ। ਉਸ ਪ੍ਰਭੂ ਨਾਲ ਗੱਲਾਂ ਉਸ ਦੀ ਆਪਣੀ ਬੋਲੀ ਵਿਚ ਹੀ ਹੋ ਸਕਦੀਆਂ ਹਨ ਤੇ ਉਹ ਬੋਲੀ ਹੈ 'ਪ੍ਰੇਮ'। ਵਡਭਾਗਾ ਮਨੁੱਖ ਸਵੇਰੇ ਉੱਠ ਕੇ ਉਸ ਦੀ ਯਾਦ ਤੇ ਵਿਚਾਰ ਵਿਚ ਜੁੜਦਾ ਹੈ। ਪ੍ਰਭੂ ਦੇ ਦਰੋਂ ਕਰਮਾਂ ਕਰਕੇ ਇਹ ਮਨੁੱਖਾ ਸਰੀਰ ਮਿਲਦਾ ਹੈ ਤੇ ਪ੍ਰਭੂ ਮਿਹਰ ਨਾਲ ਹੀ ਸੰਸਾਰ ਦੀ ਮੁਕਤੀ ਹੁੰਦੀ ਹੈ। ਇੰਝ ਇਹ ਜਾਣ ਸਕੀਦਾ ਹੈ ਕਿ ਉਹ ਸਚਿਆਰ ਪ੍ਰਭੂ ਆਪ ਹੀ ਸਭ ਕੁਝ ਹੈ।

## (ਪਉੜੀ – ੫)

***ਥਾਪਿਆ ਨਾ ਜਾਇ** *ਸਥਾਪਿਤ ਨਹੀਂ ਕੀਤਾ ਜਾ ਸਕਦਾ

***ਕੀਤਾ ਨ ਹੋਇ ॥** *ਸਾਡਾ ਬਣਾਇਆ ਨਹੀਂ ਬਣਦਾ

**ਆਪੇ ਆਪਿ *ਨਿਰੰਜਨੁ ਸੋਇ ॥** *ਅੰਜਨ (ਮਾਇਆ) ਤੋਂ ਰਹਿਤ

ਰੱਬ ਨੂੰ ਕਿਸੇ ਥਾਂ ਸਥਾਪਿਤ ਨਹੀਂ ਕੀਤਾ ਜਾ ਸਕਦਾ। ਨਾ ਉਹ ਪੈਦਾ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਸਾਡੇ ਬਣਾਇਆ ਬਣਦਾ ਹੈ। ਅਕਾਲ ਪੁਰਖ ਮਾਇਆ ਦੇ ਪ੍ਰਭਾਵ ਤੋਂ ਪਰ੍ਹੇ (unaffected by mammon) ਹੈ ਕਿਉਂਕਿ ਉਹ ਆਪ ਹੀ ਆਪ ਹੈ।





**ਜਿਨਿ ਸੇਵਿਆ**

**ਤਿਨਿ ਪਾਇਆ *ਮਾਨੁ ॥** *ਆਦਰ, ਵਡਿਆਈ

**ਨਾਨਕ ਗਾਵੀਐ *ਗੁਣੀ ਨਿਧਾਨੁ ॥** *ਗੁਣਾਂ ਦੇ ਖਜ਼ਾਨੇ ਨੂੰ

ਜਿਹੜੇ ਮਨੁੱਖਾਂ ਨੇ ਉਸ ਅਕਾਲਪੁਰਖ ਨੂੰ ਸਿਮਰਿਆ ਹੈ, ਉਹਨਾਂ ਨੇ ਵਡਿਆਈ (obtained honour) ਪਾ ਲਈ ਹੈ। ਹੇ ਨਾਨਕ! ਆਉ ਅਸੀਂ ਵੀ ਉਸ ਗੁਣਾਂ ਦੇ ਖਜ਼ਾਨੇ ਹਰੀ (treasure of excellences) ਦੀ ਸਿਫਤ ਸਾਲਾਹ ਕਰੀਏ, ਉਸ ਦੀ ਕੀਰਤੀ ਗਾਈਏ।

**ਗਾਵੀਐ ਸੁਣੀਐ**

**ਮਨਿ* ਰਖੀਐ ਭਾਉ** ॥** *ਮਨ ਵਿਚ **ਰੱਬ ਦਾ ਪਿਆਰ

***ਦੁਖੁ ਪਰਹਰਿ** *ਦੁਖ ਨੂੰ ਦੂਰ ਕਰਕੇ

**ਸੁਖੁ *ਘਰਿ ਲੈ ਜਾਇ ॥** *ਹਿਰਦੇ ਵਿਚ

ਆਓ ਅਕਾਲਪੁਰਖ ਦੇ ਗੁਣ ਗਾਵੀਐ ਤੇ ਸੁਣੀਏ ਅਤੇ ਆਪਣੇ ਮਨ ਵਿਚ ਉਸ ਦਾ ਪ੍ਰੇਮ ਟਿਕਾਈਏ। ਜੋ ਮਨੁੱਖ ਇੰਝ ਕਰਦਾ ਹੈ, ਉਹ ਦੁੱਖ ਦੂਰ ਕਰਕੇ ਸੁਖ ਨੂੰ ਹਿਰਦੇ ਵਿਚ ਵਸਾ ਲੈਂਦਾ ਹੈ ਭਾਵ ਹਿਰਦੇ ਦੀ ਸ਼ਰਧਾ ਨਾਲ ਪ੍ਰਭੂ ਜਸ ਗਾਉਣ-ਸੁਣਨ ਨਾਲ ਮਨ ਨੂੰ ਸੁੱਖ ਪਹੁੰਚਦਾ ਹੈ।

**ਦੁਖ ਦੂਰ ਕਰਕੇ ਹਿਰਦੇ ਘਰ ਵਿੱਚ ਸੁਖ ਲਿਆਉਣ ਦੇ 3 ਨੁਕਤੇ**

1. **ਗਾਵੀਐ** – ਪ੍ਰਭੂ ਦੇ ਗੁਣ ਗਾਈਏ
2. **ਸੁਣੀਐ** – ਪ੍ਰਭੂ ਦੇ ਗੁਣ ਸੁਣੀਏ
3. **ਮਨਿ ਰਖੀਐ ਭਾਉ** – ਮਨ ਵਿੱਚ ਪ੍ਰੇਮ ਰਖੀਏ

**ਗੁਰਮੁਖਿ* ਨਾਦੰ** ਗੁਰਮੁਖਿ ਵੇਦੰ***** *ਗੁਰੂ ਵੱਲ ਮੂੰਹ **ਆਵਾਜ਼ ***ਗਿਆਨ

**ਗੁਰਮੁਖਿ *ਰਹਿਆ ਸਮਾਈ ॥** *ਸਭ ਥਾਂਈ ਵਿਆਪਕ

**ਗੁਰੁ ਈਸਰੁ* ਗੁਰੁ ਗੋਰਖੁ ਬਰਮਾ**** *ਸ਼ਿਵ **ਬ੍ਰਹਮਾ

**ਗੁਰੁ ਪਾਰਬਤੀ ਮਾਈ ॥**

ਰੱਬ ਦਾ ਨਾਮ ਤੇ ਗਿਆਨ ਗੁਰੂ ਦੇ ਰਾਹੀਂ ਪ੍ਰਾਪਤ ਹੁੰਦਾ ਹੈ। ਗੁਰੂ ਦੇ ਰਾਹੀਂ ਹੀ ਇਹ ਸਮਝ ਆਉਂਦੀ ਹੈ ਕਿ ਉਹ ਹਰੀ ਸਭ ਥਾਂਈ ਵਿਆਪਕ ਹੈ। ਗੁਰੂ ਹੀ ਸਾਡੇ ਲਈ ਸ਼ਿਵ ਹੈ, ਗੁਰੂ ਹੀ ਗੋਰਖ ਤੇ ਬ੍ਰਹਮਾ ਹੈ ਅਤੇ ਗੁਰੂ ਹੀ ਸਾਡੇ ਲਈ ਪਾਰਬਤੀ ਹੈ।

**ਜੇ ਹਉ* ਜਾਣਾ ਆਖਾ ਨਾਹੀ** *ਮੈਂ

**ਕਹਣਾ ਕਥਨੁ ਨ ਜਾਈ॥**

**ਗੁਰਾ* ਇਕ ਦੇਹਿ ਬੁਝਾਈ**॥** *ਹੇ ਗੁਰੂ **ਸਮਝ

**ਸਭਨਾ ਜੀਆ ਕਾ ਇਕੁ ਦਾਤਾ**

**ਸੋ ਮੈ ਵਿਸਰਿ* ਨ ਜਾਈ॥੫॥** *ਭੁੱਲ

ਅਕਾਲ ਪੁਰਖ ਦੇ ਇਸ ਹੁਕਮ ਨੂੰ ਜੇ ਮੈਂ ਸਮਝ ਵੀ ਲਵਾਂ, ਤਾਂ ਵੀ ਉਸ ਦਾ ਵਰਨਣ ਨਹੀਂ ਕਰ ਸਕਦਾ। ਅਕਾਲਪੁਰਖ ਦੇ ਹੁਕਮ ਦਾ ਕਥਨ ਨਹੀਂ ਕੀਤਾ ਜਾ ਸਕਦਾ।

ਮੇਰੀ ਤਾਂ ਹੇ ਸਤਿਗੁਰੂ! ਤੇਰੇ ਅੱਗੇ ਅਰਦਾਸ ਹੈ ਕਿ ਮੈਨੂੰ ਇਕ ਸਮਝ ਦੇ ਕਿ ਜਿਹੜਾ ਸਭਨਾਂ ਜੀਵਾਂ ਨੂੰ ਦਾਤਾਂ ਦੇਣ ਵਾਲਾ ਇਕ (One Giver) ਰੱਬ ਹੈ, ਮੈਂ ਉਸ ਨੂੰ ਭੁਲਾ ਨਾ ਦਿਆਂ।

## (ਪਉੜੀ – ੬)

**ਤੀਰਥਿ ਨਾਵਾ* ਜੇ ਤਿਸੁ ਭਾਵਾ**** *ਮੈਂ ਇਸ਼ਨਾਨ ਕਰਾਂ **ਚੰਗਾ ਲੱਗਾਂ

***ਵਿਣੁ ਭਾਣੇ **ਕਿ ਨਾਇ ਕਰੀ॥** *ਚੰਗਾ ਲੱਗਣ ਤੋਂ ਬਿਨਾਂ **ਨਹਾ ਕੇ ਮੈਂ ਕੀ ਕਰਾਂ ?

**ਜੇਤੀ* ਸਿਰਠਿ** ਉਪਾਈ*** ਵੇਖਾ** *ਜਿਤਨੀ **ਸ੍ਰਿਸ਼ਟੀ, ***ਪੈਦਾ ਕੀਤੀ

***ਵਿਣੁ ਕਰਮਾ ਕਿ ਮਿਲੈ ਲਈ॥** *ਮਿਹਰ ਤੋਂ ਬਿਨਾਂ

ਮੈਂ ਤੀਰਥ ਉੱਤੇ ਜਾ ਕੇ ਇਸ਼ਨਾਨ ਕਰਾਂ ਜੇ ਇਉਂ ਕਰਨ ਨਾਲ ਉਸ ਪ੍ਰਮਾਤਮਾ ਨੂੰ ਖੁਸ਼ ਕਰ ਸਕਾਂ, ਪਰ ਜੇ ਇਸ ਨਾਲ ਪਰਮਾਤਮਾ ਖੁਸ਼ ਨਹੀਂ ਹੁੰਦਾ, ਤਾਂ ਮੈਨੂੰ ਤੀਰਥ ਇਸ਼ਨਾਨ ਕਰਕੇ ਕੀ ਮਿਲੇਗਾ?

ਅਕਾਲ ਪੁਰਖ ਦੀ ਪੈਦਾ ਕੀਤੀ ਹੋਈ ਜਿਤਨੀ ਵੀ ਦੁਨੀਆ ਮੈਂ ਵੇਖਦਾ ਹਾਂ, ਇਸ ਵਿਚ ਪਰਮਾਤਮਾ ਦੀ ਕਿਰਪਾ ਤੋਂ ਬਿਨ੍ਹਾਂ ਕਿਸੇ ਨੂੰ ਕੁਝ ਨਹੀਂ ਮਿਲਦਾ। ਕੋਈ ਕੁਝ ਨਹੀਂ ਲੈ ਸਕਦਾ।

***ਮਤਿ ਵਿਚਿ** *ਮਨੁੱਖ ਦੀ ਬੁੱਧ ਅੰਦਰ

**ਰਤਨ ਜਵਾਹਰ ਮਾਣਿਕ*** *ਮੋਤੀ

**ਜੇ ਇਕ ਗੁਰ ਕੀ ਸਿਖ ਸੁਣੀ॥**

ਜੇ ਸਤਿਗੁਰੂ ਦੀ ਇਕ ਸਿੱਖਿਆ ਸੁਣ ਲਈ ਜਾਏ, ਤਾਂ ਮਨੁੱਖ ਦੀ ਬੁੱਧ ਦੇ ਅੰਦਰ ਰਤਨ, ਜਵਾਹਰ ਤੇ ਮੋਤੀ (gems, jewels and rubies) ਉਪਜ ਪੈਂਦੇ ਹਨ ਭਾਵ ਪਰਮਾਤਮਾ





ਦੇ ਗੁਣ ਪੈਦਾ ਹੋ ਜਾਂਦੇ ਹਨ।

**ਗੁਰਾ ਇਕ ਦੇਹਿ ਬੁਝਾਈ॥**

**ਸਭਨਾ ਜੀਆ ਕਾ ਇਕੁ ਦਾਤਾ**

**ਸੋ ਮੈ ਵਿਸਰਿ ਨ ਜਾਈ॥੬॥**

ਹੇ ਸਤਿਗੁਰੂ! ਮੇਰੀ ਤੇਰੇ ਅੱਗੇ ਅਰਦਾਸ ਹੈ ਕਿ ਮੈਨੂੰ ਇਹ ਇਕ ਸਮਝ ਦੇ ਕਿ ਜੋ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਉਹ ਅਕਾਲ ਪੁਰਖ ਮੈਨੂੰ ਕਦੇ ਨ ਵਿਸਰੇ।

**ਜੇ ਗੁਰ ਕੀ ਇੱਕ ਸਿੱਖਿਆ ਹੀ ਸੁਣ ਲਈਏ ਤਾਂ ਮਤਿ ਵਿੱਚ ਪੈਦਾ ਹੁੰਦੇ ਹਨ**

| ਰਤਨ | ਜਵਾਹਰ | ਮਾਣਿਕ |
|---|---|---|
| (gems) | (jewels) | (rubies) |

## (ਪਉੜੀ – ੭)

**ਜੇ *ਜੁਗ ਚਾਰੇ ਆਰਜਾ**** *4 ਜੁਗਾਂ ਜਿਤਨੀ **ਉਮਰ

**ਹੋਰ ਦਸੂਣੀ* ਹੋਇ॥** *ਦਸ ਗੁਣੀ

***ਨਵਾ ਖੰਡਾ ਵਿਚਿ ਜਾਣੀਐ** *ਸਾਰੀ ਸ੍ਰਿਸ਼ਟੀ ਵਿਚ

**ਨਾਲਿ ਚਲੈ ਸਭੁ ਕੋਇ॥**

ਜੇ ਕਿਸੇ ਦੀ ਉਮਰ ਚਾਰ ਜੁਗਾਂ (four ages) ਜਿਤਨੀ ਹੋ ਜਾਏ, ਇਸ ਤੋਂ ਵੀ ਦਸ ਗੁਣੀ ਹੋਰ ਹੋ ਜਾਏ, ਸਾਰੇ ਸੰਸਾਰ (nine regions) ਵਿਚ ਉਸਦੀ ਸ਼ੋਭਾ ਹੋਵੇ, ਹਰੇਕ ਮਨੁੱਖ ਉਸ ਦੇ ਪਿਛੇ ਲੱਗ ਤੁਰੇ।

**ਚੰਗਾ ਨਾਉ ਰਖਾਇ ਕੈ**

**ਜਸੁ* ਕੀਰਤਿ ਜਗਿ ਲੇਇ॥** *ਸ਼ੋਭਾ

**ਜੇ ਤਿਸੁ ਨਦਰਿ* ਨ ਆਵਈ** *ਕਿਰਪਾ ਦ੍ਰਿਸ਼ਟੀ ਵਿਚ

**ਤ ਵਾਤ ਨ ਪੁਛੈ ਕੇ॥**

***ਕੀਟਾ ਅੰਦਰਿ ਕੀਟੁ** *ਮਾਮੂਲੀ ਜਿਹਾ ਕੀੜਾ

**ਕਰਿ ਦੋਸੀ ਦੋਸੁ ਧਰੇ॥**

ਜੇ ਉਹ ਚੰਗਾ ਨਾਮ ਖੱਟ ਕੇ ਸਾਰੇ ਸੰਸਾਰ ਵਿਚ ਸੋਭਾ (fame) ਵੀ ਪ੍ਰਾਪਤ ਕਰ ਲਏ, ਪਰ ਜੇਕਰ ਅਕਾਲਪੁਰਖ ਦੀ ਮਿਹਰ ਦੀ ਨਜ਼ਰ ਵਿਚ ਨਹੀਂ ਆਇਆ ਤਾਂ ਅਕਾਲ ਪੁਰਖ ਦੇ

ਦਰਬਾਰ ਵਿਚ ਕਿਸੇ ਨੇ ਉਸਦੀ ਖ਼ਬਰ ਵੀ ਨਹੀਂ ਪੁੱਛਣੀ।

ਭਾਵ ਇਤਨੀ ਮਾਣ ਵਡਿਆਈ ਵਾਲਾ ਹੁੰਦਿਆਂ ਵੀ ਅਸਲ ਵਿਚ ਨਿਆਸਰਾ ਹੀ ਹੈ, ਸਗੋਂ ਅਜਿਹਾ ਮਨੁੱਖ ਅਕਾਲ ਪੁਰਖ ਦੇ ਦਰਬਾਰ ਵਿਚ ਇਕ ਮਮੂਲੀ ਜਿਹਾ ਕੀੜਾ (insignificant worm) ਹੈ। ਅਕਾਲਪੁਰਖ ਉਸ ਨੂੰ ਦੋਸ਼ੀ (sinner) ਥਾਪ ਕੇ ਉਸ ਉੱਤੇ ਨਾਮ ਨੂੰ ਭੁੱਲਣ ਦਾ ਦੋਸ਼ ਲਾਉਂਦਾ ਹੈ।

**ਨਾਨਕ ਨਿਰਗੁਣਿ* ਗੁਣੁ ਕਰੇ** *ਗੁਣ ਹੀਨ ਮਨੁੱਖ ਵਿਚ

**ਗੁਣਵੰਤਿਆ* ਗੁਣੁ ਦੇ॥** *ਗੁਣੀ ਮਨੁੱਖਾਂ ਨੂੰ

**ਤੇਹਾ ਕੋਇ ਨ ਸੁਝਈ**

**ਜਿ ਤਿਸੁ ਗੁਣੁ ਕੋਇ ਕਰੇ॥੭॥**

ਹੇ ਨਾਨਕ! ਉਹ ਅਕਾਲਪੁਰਖ, ਗੁਣਹੀਨ (non-virtuous) ਮਨੁੱਖ ਵਿਚ ਗੁਣ ਪੈਦਾ ਕਰ ਦੇਂਦਾ ਹੈ ਅਤੇ ਗੁਣੀ ਮਨੁੱਖਾਂ ਨੂੰ ਉਹੀ ਗੁਣ ਬਖ਼ਸ਼ਦਾ (confers virtues) ਹੈ। ਇਹੋ ਜਿਹਾ ਕੋਈ ਹੋਰ ਨਹੀਂ ਦਿਸਦਾ, ਜੋ ਮਨੁੱਖ ਨੂੰ ਕੋਈ ਗੁਣ ਦੇ ਸਕਦਾ ਹੋਵੇ।

ਭਾਵ ਪ੍ਰਾਣਾਯਾਮ ਦੀ ਸਹਾਇਤਾ ਨਾਲ ਲੰਮੀ ਉਮਰ ਵਧਾਇਆਂ ਜਗਤ ਵਿਚ ਭਾਵੇਂ ਮਨੁੱਖ ਦਾ ਮਾਣ-ਆਦਰ ਬਣ ਜਾਏ, ਪਰ ਜੇ ਉਹ ਬੰਦਗੀ ਦੇ ਗੁਣਾਂ ਤੋਂ ਸੱਖਣਾ ਹੈ, ਤਾਂ ਪ੍ਰਭੂ ਦੀ ਮਿਹਰ ਦਾ ਪਾਤਰ ਨਹੀਂ ਬਣ ਸਕਦਾ। ਪ੍ਰਭੂ ਦੀਆਂ ਨਜ਼ਰਾਂ ਵਿਚ ਤਾਂ ਸਗੋਂ ਉਹ ਨਾਮ ਹੀਨ ਜੀਵ ਇਕ ਨਿੱਕਾ ਜਿਹਾ ਕੀੜਾ ਹੈ। ਇਹ ਬੰਦਗੀ ਵਾਲਾ ਗੁਣ, ਜੀਵ ਨੂੰ ਪ੍ਰਭੂ ਦੀ ਮਿਹਰ ਨਾਲ ਹੀ ਮਿਲ ਸਕਦਾ ਹੈ।

## (ਪਉੜੀ – ੮)

**ਸੁਣਿਐ* ਸਿਧ** ਪੀਰ ਸੁਰਿ*** ਨਾਥ॥** *ਸੁਣਨ ਨਾਲ **ਜੋਗੀ ***ਦੇਵਤੇ

**ਸੁਣਿਐ ਧਰਤਿ ਧਵਲ* ਆਕਾਸ॥** *ਬੈਲ, ਧਰਤੀ ਦਾ ਆਸਰਾ

**ਸੁਣਿਐ ਦੀਪ* ਲੋਅ** ਪਾਤਾਲ॥** *island **ਲੋਕ, ਭਵਣ

**ਸੁਣਿਐ ਪੋਹਿ* ਨ ਸਕੈ ਕਾਲੁ॥** *ਪ੍ਰਭਾਵ ਪਾਵਣਾ

**ਨਾਨਕ ਭਗਤਾ ਸਦਾ ਵਿਗਾਸੁ*॥** *ਖਿੜਾਉ, ਖੁਸ਼ੀ

**ਸੁਣਿਐ ਦੂਖ ਪਾਪ ਕਾ ਨਾਸੁ॥੮॥**





ਇਹ ਨਾਮ ਹਿਰਦੇ ਵਿਚ ਟਿਕਾਣ ਦੀ ਹੀ ਬਰਕਤ ਹੈ ਕਿ ਸਾਧਾਰਨ ਮਨੁੱਖ ਸਿੱਧਾਂ, ਪੀਰਾਂ, ਦੇਵਤਿਆਂ ਤੇ ਨਾਥਾਂ ਦੀ ਪਦਵੀ ਪਾ ਲੈਂਦੇ ਹਨ ਤੇ ਉਹਨਾਂ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਧਰਤੀ ਤੇ ਆਕਾਸ਼ ਦਾ ਆਸਰਾ ਕੋਈ ਬੈਲ ਨਹੀਂ ਪ੍ਰਭੂ ਹੀ ਹੈ, ਜੋ ਸਾਰੇ ਦੀਪਾਂ, ਲੋਕਾਂ, ਪਾਤਾਲਾਂ ਵਿਚ ਵਿਆਪਕ ਹੈ। ਫਿਰ ਉਹਨਾਂ ਨੂੰ ਕਾਲ ਦਾ ਡਰ ਨਹੀਂ ਡਰਾ ਸਕਦਾ।

ਹੇ ਨਾਨਕ! ਅਕਾਲਪੁਰਖ ਦੇ ਨਾਮ ਵਿਚ ਸੁਰਤ ਜੋੜਨ ਵਾਲੇ ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਉ (always blissful) ਬਣਿਆ ਰਹਿੰਦਾ ਹੈ ਕਿਉਂਕਿ ਉਸ ਦੀ ਸਿਫਤ-ਸਲਾਹ ਸੁਣਨ ਕਰਕੇ ਮਨੁੱਖ ਦੇ ਦੁੱਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

## (ਪਉੜੀ – ੯)

**ਸੁਣਿਐ ਈਸਰੁ* ਬਰਮਾ ਇੰਦੁ**॥** *ਸ਼ਿਵ **ਇੰਦਰ

**ਸੁਣਿਐ ਮੁਖਿ* ਸਾਲਾਹਣ** ਮੰਦੁ॥** *ਮੂੰਹ ਨਾਲ **ਸਿਫਤ ਸਾਲਾਹ

**ਸੁਣਿਐ *ਜੋਗ ਜੁਗਤਿ ਤਨਿ ਭੇਦ॥** *ਜੋਗ ਦਾ ਤਰੀਕਾ

**ਸੁਣਿਐ ਸਾਸਤ ਸਿਮ੍ਰਿਤਿ ਵੇਦ॥**

**ਨਾਨਕ ਭਗਤਾ ਸਦਾ ਵਿਗਾਸੁ॥**

**ਸੁਣਿਐ ਦੂਖ ਪਾਪ ਕਾ ਨਾਸੁ॥੯॥**

ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜਨ ਦਾ ਸਦਕਾ ਸਾਧਾਰਨ ਮਨੁੱਖ ਸ਼ਿਵ, ਬ੍ਰਹਮਾ ਤੇ ਇੰਦਰ ਦੀ ਪਦਵੀ ਤੇ ਪਹੁੰਚ ਜਾਂਦਾ ਹੈ।

ਮੰਦਾ ਮਨੁੱਖ ਵੀ ਮੂੰਹੋਂ ਰੱਬ ਦੀਆਂ ਸਿਫਤਾਂ ਕਰਨ ਲੱਗ ਪੈਂਦਾ ਹੈ। ਪ੍ਰਭੂ ਦੇ ਮੇਲ ਦਾ ਤਰੀਕਾ ਅਤੇ ਸਰੀਰ ਅੰਦਰ ਦੀਆਂ ਗੁੱਝੀਆਂ ਗੱਲਾਂ ਭਾਵ ਅੱਖਾਂ, ਕੰਨ, ਜੀਭ ਆਦਿਕ ਇੰਦਰੀਆਂ ਦੇ ਸੁਭਾਅ ਤੇ ਵਿਕਾਰਾਂ ਆਦਿਕ ਵੱਲ ਦੌੜ-ਭੱਜ ਦੇ ਭੇਤ ਦਾ ਪਤਾ ਲੱਗ ਜਾਂਦਾ ਹੈ।

ਸ਼ਾਸਤਰਾਂ, ਸਿਮ੍ਰਤੀਆਂ ਤੇ ਵੇਦਾਂ ਦੀ ਸਮਝ ਪੈ ਜਾਂਦੀ ਹੈ ਭਾਵ ਧਾਰਮਿਕ ਪੁਸਤਕਾਂ ਦਾ ਅਸਲ ਭਾਵ ਸਮਝ ਆ ਜਾਂਦਾ ਹੈ।

ਹੇ ਨਾਨਕ! ਨਾਮ ਨਾਲ ਪ੍ਰੀਤ ਕਰਨ ਵਾਲੇ ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ, ਉਹ ਹਰ ਵੇਲੇ ਖੁਸ਼ ਰਹਿੰਦੇ ਹਨ। ਰੱਬ ਦੀ ਸਿਫ਼ਤ-ਸਾਲਾਹ ਸੁਣਨ ਕਰਕੇ ਮਨੁੱਖ ਦੇ ਦੁੱਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

## (ਪਉੜੀ - ੧੦)

ਸੁਣਿਐ *ਸਤੁ ਸੰਤੋਖੁ ਗਿਆਨੁ॥ *ਦਾਨ ਤੇ ਸੰਤੋਖ
ਸੁਣਿਐ ਅਠਸਠਿ* ਕਾ ਇਸਨਾਨੁ॥ *68 ਤੀਰਥ
ਸੁਣਿਐ ਪੜਿ ਪੜਿ ਪਾਵਹਿ ਮਾਨੁ॥
ਸੁਣਿਐ ਲਾਗੈ ਸਹਜਿ ਧਿਆਨੁ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥੧੦॥

ਰੱਬ ਦੇ ਨਾਮ ਵਿੱਚ ਜੁੜਨ ਨਾਲ ਹਿਰਦੇ ਵਿੱਚ ਦਾਨ ਦੇਣ ਦਾ ਸੁਭਾਉ, ਸੰਤੋਖ ਤੇ ਪ੍ਰਕਾਸ਼ (contentment and divine knowledge) ਪ੍ਰਗਟ ਹੋ ਜਾਂਦਾ ਹੈ। ਅਠਾਹਠ (sixty-eight holy places) ਤੀਰਥਾਂ ਦੇ ਇਸ਼ਨਾਨ ਨਾਮ ਜਪਣ ਵਿੱਚ ਹੀ ਆ ਜਾਂਦੇ ਹਨ।

ਜੋ ਸਤਿਕਾਰ ਮਨੁੱਖ ਵਿਦਿਆ ਪੜ੍ਹ ਕੇ ਪਾਂਦੇ ਹਨ, ਉਹ ਭਗਤ ਜਨਾਂ ਨੂੰ ਅਕਾਲ ਪੁਰਖ ਦੇ ਨਾਮ ਵਿੱਚ ਜੁੜ ਕੇ ਹੀ ਮਿਲ ਜਾਂਦਾ ਹੈ। ਨਾਮ ਸੁਨਣ ਦਾ ਸਦਕਾ ਅਡੋਲਤਾ ਵਿੱਚ ਚਿੱਤ ਦੀ ਬਿਰਤੀ ਟਿਕ ਜਾਂਦੀ ਹੈ ।

ਹੇ ਨਾਨਕ ! ਅਕਾਲਪੁਰਖ ਦੇ ਨਾਮ ਵਿੱਚ ਸੁਰਤ ਜੋੜਨ ਵਾਲੇ ਭਗਤ ਜਨਾਂ ਦੇ ਹਿਰਦੇ ਵਿੱਚ ਸਦਾ ਖਿੜਾਉ ਬਣਿਆ ਰਹਿੰਦਾ ਹੈ, ਉਹ ਹਰ ਵੇਲੇ ਖੁਸ਼ ਰਹਿੰਦੇ ਹਨ। ਅਕਾਲਪੁਰਖ ਦੀ ਸਿਫ਼ਤ-ਸਲਾਹ ਸੁਣਨ ਨਾਲ ਮਨੁੱਖ ਦੇ ਦੁਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।

ਭਾਵ ਨਾਮ ਵਿਚ ਸੁਰਤ ਜੋੜਿਆਂ ਹੀ ਮਨ ਵਿਸ਼ਾਲ ਹੁੰਦਾ ਹੈ, ਲੋੜਵੰਦਾਂ ਦੀ ਸੇਵਾ ਤੇ ਸੰਤੋਖ ਵਾਲਾ ਜੀਵਨ ਬਣਦਾ ਹੈ। ਨਾਮ ਵਿੱਚ ਚੁੱਭੀ (dip) ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ। ਜਗਤ ਦੇ ਕਿਸੇ ਮਾਣ-ਆਦਰ ਦੀ ਪਰਵਾਹ ਨਹੀਂ ਰਹ ਜਾਂਦੀ। ਮਨ ਸਹਿਜ ਅਵਸਥਾ ਵਿਚ ਮਗਨ ਰਹਿੰਦਾ ਹੈ।





## ਸੁਣਿਐ (ਨਾਮ ਸੁਣਨ) ਦੀਆਂ ਬਰਕਤਾਂ

**ਹਰ ਵੇਲੇ ਅਨੰਦ ਬਣਿਆ ਰਹਿੰਦਾ ਹੈ**
**ਦੁੱਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ**

**ਬਣ ਸਕਦੇ ਹਾਂ**

1. ਸਿਧ
2. ਪੀਰ
3. ਦੇਵਤੇ (ਸੁਰ)
4. ਨਾਥ
5. ਸ਼ਿਵ (ਈਸਰ)
6. ਬ੍ਰਹਮਾ
7. ਇੰਦਰ
8. ਸੇਖ
9. ਪੀਰ
10. ਪਾਤਿਸਾਹ

**ਸੋਝੀ ਆ ਜਾਂਦੀ ਹੈ - ਕੀ ਹੈ**

1. ਧਰਤੀ, ਆਕਾਸ਼ ਦਾ ਆਸਰਾ
2. ਬ੍ਰਹਿਮੰਡ ਦੇ ਹਿੱਸੇ
3. ਲੋਕ, ਭਵਨ
4. ਪਾਤਾਲ
5. ਜੋਗ ਦੀ ਜੁਗਤੀ
6. ਸਰੀਰ ਦੇ ਭੇਦ (ਤਨਿ ਭੇਦ)
7. ਸ਼ਾਸਤਰ
8. ਸਿਮ੍ਰਤੀਆਂ
9. ਵੇਦ

**ਕੀ ਹੁੰਦਾ ਹੈ?**

1. ਕਾਲ ਡਰਾ ਨਹੀਂ ਸਕਦਾ
2. ਮੰਦਾ ਮਨੁੱਖ ਵੀ ਨਾਮ ਜਪਣ ਲੱਗਦਾ ਹੈ
3. 68 ਤੀਰਥਾਂ ਦਾ ਇਸ਼ਨਾਨ
4. ਮਾਨ ਮਿਲਦਾ ਹੈ
5. ਸਹਜੇ ਹੀ ਧਿਆਨ ਜੁੜ ਜਾਂਦਾ ਹੈ
6. ਅਗਿਆਨੀ ਨੂੰ ਵੀ ਰਾਹ ਮਿਲ ਜਾਂਦਾ ਹੈ
7. ਸੰਸਾਰ ਦੀ ਅਸਲੀਅਤ ਸਮਝ ਆ ਜਾਂਦੀ ਹੈ

**ਆ ਜਾਂਦਾ ਹੈ**

1. ਸਤ
2. ਸੰਤੋਖ
3. ਗਿਆਨ
4. ਬੇਅੰਤ ਗੁਣਾਂ ਦੀ ਸਮਝ

## (ਪਉੜੀ – ੧੧)

**ਸੁਣਿਐ   *ਸਰਾ ਗੁਣਾ ਕੇ ਗਾਹ** ॥**   *ਬੇਅੰਤ ਗੁਣਾਂ ਦੇ   ** ਗਾਹੁਣ ਵਾਲੇ, ਸੂਝ ਵਾਲੇ

**ਸੁਣਿਐ   ਸੇਖ ਪੀਰ ਪਾਤਿਸਾਹ ॥**

**ਸੁਣਿਐ   ਅੰਧੇ ਪਾਵਹਿ ਰਾਹੁ ॥**

**ਸੁਣਿਐ   *ਹਾਥ ਹੋਵੈ ਅਸਗਾਹੁ** ॥**   *ਅਸਲੀਅਤ ਦੀ ਸਮਝ   **ਡੂੰਘਾ ਸਮੁੰਦਰ

**ਨਾਨਕ   ਭਗਤਾ ਸਦਾ ਵਿਗਾਸੁ ॥**

**ਸੁਣਿਐ   ਦੂਖ ਪਾਪ ਕਾ ਨਾਸੁ ॥੧੧॥**

ਅਕਾਲਪੁਰਖ ਦੇ ਨਾਮ ਵਿਚ ਸੁਰਤ ਜੋੜਨ ਨਾਲ ਸਧਾਰਨ ਮਨੁੱਖ ਬੇਅੰਤ ਗੁਣਾਂ ਦੀ ਸੂਝ (ocean of virtues) ਵਾਲੇ ਹੋ ਜਾਂਦੇ ਹਨ।

ਸ਼ੇਖ, ਪੀਰ ਤੇ ਪਾਤਿਸ਼ਾਹਾਂ ਦੀ ਪਦਵੀ ਪਾ ਲੈਂਦੇ ਹਨ।

ਇਹ ਨਾਮ ਸੁਣਨ ਦੀ ਹੀ ਬਰਕਤ ਹੈ ਕਿ ਅੰਨ੍ਹੇ, ਗਿਆਨ ਹੀਣ ਮਨੁੱਖ ਵੀ ਅਕਾਲਪੁਰਖ ਨੂੰ ਮਿਲਣ ਦਾ ਰਾਹ ਲੱਭ ਲੈਂਦੇ ਹਨ।

ਅਕਾਲਪੁਰਖ ਦੇ ਨਾਮ ਵਿਚ ਜੁੜਨ ਦਾ ਸਦਕਾ ਇਸ ਡੂੰਘੇ ਸੰਸਾਰ ਸਮੁੰਦਰ ਦੀ ਅਸਲੀਅਤ ਸਮਝ (unfathomable Lord becomes fathomable) ਆਉਂਦੀ ਹੈ।

ਹੇ ਨਾਨਕ ! ਅਕਾਲਪੁਰਖ ਦੇ ਨਾਮ ਵਿਚ ਸੁਰਤ ਜੋੜਨ ਵਾਲੇ ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ, ਉਹ ਹਰ ਵੇਲੇ ਖੁਸ਼ ਰਹਿੰਦੇ ਹਨ। ਅਕਾਲਪੁਰਖ ਦਾ ਨਾਮ ਸੁਣਨ ਨਾਲ ਮਨੁੱਖ ਦੇ ਦੁੱਖਾਂ ਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

## (ਪਉੜੀ – ੧੨)

***ਮੰਨੇ ਕੀ ਗਤਿ** ਕਹੀ ਨ ਜਾਇ ॥**   *ਮੰਨਣ ਵਾਲੇ ਦੀ   **ਹਾਲਤ, ਅਵਸਥਾ

**ਜੇ ਕੋ ਕਹੈ ਪਿਛੈ ਪਛੁਤਾਇ ॥**

**ਕਾਗਦਿ ਕਲਮ ਨ ਲਿਖਣਹਾਰੁ ॥**

**ਮੰਨੇ ਕਾ ਬਹਿ ਕਰਨਿ ਵੀਚਾਰੁ ॥**

**ਐਸਾ ਨਾਮੁ ਨਿਰੰਜਨੁ ਹੋਇ ॥**

**ਜੇ ਕੋ *ਮੰਨਿ ਜਾਣੈ ਮਨਿ** ਕੋਇ ॥੧੨॥**   *ਸ਼ਰਧਾ ਰੱਖ ਕੇ ਵੇਖੋ   **ਮਨ ਵਿਚ





ਜਿਸ ਨੇ ਅਕਾਲਪੁਰਖ ਦੇ ਨਾਮ ਨੂੰ ਮੰਨ ਲਿਆ ਹੈ ਉਸ ਦੀ ਉੱਚੀ ਆਤਮਕ ਅਵਸਥਾ (state of mind) ਦੱਸੀ ਨਹੀਂ ਜਾ ਸਕਦੀ। ਜੇ ਕੋਈ ਬਿਆਨ ਕਰੇ, ਤਾਂ ਉਹ ਪਿਛੋਂ ਪਛਤਾਉਂਦਾ (repents) ਹੈ ਕਿ ਮੈਂ ਪੂਰਨ ਤੌਰ ਤੇ ਦਸ ਨਹੀਂ ਸਕਿਆ।

ਕਾਗਜ਼ ਉੱਤੇ ਕਲਮ ਨਾਲ ਕੋਈ ਮਨੁੱਖ ਲਿਖਣ ਦੇ ਸਮਰੱਥ ਨਹੀਂ, ਮਨੁੱਖ ਰਲ ਕੇ ਨਾਮ ਵਿਚ ਪਤੀਜੇ ਹੋਏ ਦੀ ਆਤਮਕ ਅਵਸਥਾ ਦਾ ਅੰਦਾਜ਼ਾ ਹੀ ਲਾਂਦੇ ਹਨ।

ਅਕਾਲਪੁਰਖ ਦਾ ਨਾਮ ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਹੈ, ਇਸ ਵਿਚ ਜੁੜਨ ਵਾਲਾ ਵੀ ਉੱਚੀ ਆਤਮਕ ਅਵਸਥਾ ਵਾਲਾ ਹੋ ਜਾਂਦਾ ਹੈ, ਪਰ ਇਹ ਗੱਲ ਤਾਂ ਹੀ ਸਮਝ ਵਿਚ ਆਉਂਦੀ ਹੈ, ਜੇ ਕੋਈ ਆਪਣੇ ਅੰਦਰ ਲਗਨ ਲਾ ਕੇ ਵੇਖੇ।

ਨੋਟ: ਪਉੜੀ ਨੰ: 12 ਵਿਚ ਦੋ ਥਾਈਂ, ਸ਼ਬਦ 'ਮੰਨੇ' ਹੈ, ਬਾਕੀ ਅਗਲੀਆਂ ਸਾਰੀਆਂ ਪਉੜੀਆਂ ਵਿਚ ਸਭ ਥਾਈਂ 'ਮੰਨੈ' ਆਇਆ ਹੈ। ਦੋਹਾਂ ਦੇ ਅਰਥਾਂ ਵਿਚ ਫਰਕ ਹੈ।

| ਮੰਨੇ | ਮੰਨੈ |
|---|---|
| ਨਾਮ<br>**ਮੰਨ ਲਿਆ** | ਜੇ ਨਾਮ<br>**ਮੰਨ ਲਈਏ** |

'ਮੰਨੇ' ਦਾ ਭਾਵ ਹੈ ਮੰਨੇ ਹੋਏ ਮਨੁੱਖਾਂ ਦਾ। 'ਮੰਨੈ' ਦਾ ਅਰਥ ਹੈ, ਮੰਨ ਲੈਣ ਨਾਲ, ਜੇ ਮੰਨ ਲਈਏ, ਜੇ ਮਨ ਪਤੀਜ ਜਾਏ।

## (ਪਉੜੀ – ੧੩)

**ਮੰਨੈ* ਸੁਰਤਿ ਹੋਵੈ** ਮਨਿ ਬੁਧਿ*** ॥**   *ਜੇ ਮੰਨ ਲਈਏ   **ਉੱਚੀ ਸਮਝ   ***ਜਾਗ੍ਰਤ

**ਮੰਨੈ ਸਗਲ* ਭਵਣ ਕੀ ਸੁਧਿ** ॥**   *ਸਾਰੇ   **ਖ਼ਬਰ, ਸੋਝੀ

**ਮੰਨੈ ਮੁਹਿ* ਚੋਟਾ ਨਾ ਖਾਇ ॥**   *ਮੂੰਹ ਉੱਤੇ

**ਮੰਨੈ *ਜਮ ਕੈ ਸਾਥਿ ਨ ਜਾਇ ॥**   *ਜਮਾਂ ਦੇ ਨਾਲ

**ਐਸਾ ਨਾਮੁ ਨਿਰੰਜਨੁ ਹੋਇ ॥**

**ਜੇ ਕੋ ਮਨਿ ਜਾਣੈ ਮਨਿ ਕੋਇ ॥੧੩॥**

ਜੇ ਮਨੁੱਖ ਦੇ ਮਨ ਵਿੱਚ ਪ੍ਰਭੂ ਦੇ ਨਾਮ ਦੀ ਲਗਨ ਲੱਗ ਜਾਏ ਤਾਂ ਉਸ ਦੀ ਸਮਝ (consciousness) ਉੱਚੀ ਹੋ ਜਾਂਦੀ ਹੈ, ਉਸ ਦੇ ਮਨ ਵਿਚ ਜਾਗ੍ਰਤੀ (divine knowledge)

ਆ ਜਾਂਦੀ ਹੈ। ਭਾਵ ਮਾਇਆ ਵਿਚ ਸੁੱਤਾ ਮਨ ਜਾਗ ਪੈਂਦਾ ਹੈ, ਉਸ ਨੂੰ ਸਾਰੇ ਭਵਨਾਂ ਦੀ ਸੋਝੀ ਹੋ ਜਾਂਦੀ ਹੈ ਕਿ ਹਰ ਥਾਂ ਪ੍ਰਭੂ ਵਿਆਪਕ ਹੈ ।

ਉਹ ਸੰਸਾਰ ਦੇ ਵਿਕਾਰਾਂ ਦੀਆਂ ਸੱਟਾਂ (blows) ਮੂੰਹ ਉਤੇ ਨਹੀਂ ਖਾਂਦਾ, ਸੰਸਾਰਕ ਵਿਕਾਰ ਉਸ ਉੱਤੇ ਦਬਾ ਨਹੀਂ ਪਾ ਸਕਦੇ। ਜਮਾਂ ਨਾਲ ਉਸ ਦਾ ਵਾਹ ਨਹੀਂ ਪੈਂਦਾ, ਭਾਵ ਉਹ ਜਨਮ ਮਰਣ ਦੇ ਗੇੜ ਵਿਚੋਂ ਬਚ ਜਾਂਦਾ ਹੈ ।

ਅਕਾਲ ਪੁਰਖ ਦਾ ਨਾਮ, ਜੋ ਮਾਇਆ ਦੇ ਪ੍ਰਭਾਵ ਤੋ ਪਰ੍ਹੇ (sublime and spotless from the effect of mammon) ਹੈ, ਐਨਾ ਉੱਚਾ ਹੈ ਕਿ ਇਸ ਵਿਚ ਜੁੜਨ ਵਾਲਾ ਵੀ ਉੱਚੀ ਆਤਮਕ ਅਵਸਥਾ ਵਾਲਾ ਹੋ ਜਾਂਦਾ ਹੈ ਪਰ ਇਹ ਗੱਲ ਤਾਂ ਹੀ ਸਮਝ ਆਉਂਦੀ ਹੈ, ਜੇ ਕੋਈ ਮਨੁੱਖ ਆਪਣੇ ਮਨ ਵਿਚ ਹਰਿ-ਨਾਮ ਦੀ ਲਗਨ ਪੈਦਾ ਕਰ ਲਏ ।

## (ਪਉੜੀ - ੧੪)

**ਮੰਨੈ ਮਾਰਗਿ* ਠਾਕ** ਨ ਪਾਇ ॥** — *ਰਾਹ ਵਿਚ **ਰੋਕ
**ਮੰਨੈ *ਪਤਿ ਸਿਉ ਪਰਗਟੁ** ਜਾਇ ॥** — *ਇੱਜ਼ਤ ਨਾਲ **ਪਰਸਿੱਧ ਹੋ ਕੇ
**ਮੰਨੈ ਮਗੁ ਨ ਚਲੈ ਪੰਥੁ ॥**
**ਮੰਨੈ ਧਰਮ ਸੇਤੀ ਸਨਬੰਧੁ ॥**
**ਐਸਾ ਨਾਮ ਨਿਰੰਜਨੁ ਹੋਇ ॥**
**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥**

ਜੇ ਮਨੁੱਖ ਦਾ ਮਨ ਨਾਮ ਵਿਚ ਪਤੀਜ (devotion is developed) ਜਾਏ, ਤਾਂ ਜ਼ਿੰਦਗੀ ਦੇ ਸਫ਼ਰ ਵਿਚ ਵਿਕਾਰਾਂ ਆਦਿਕ ਦੀ ਰੋਕ (hindrances) ਨਹੀਂ ਪੈਂਦੀ ।

ਉਹ ਸੰਸਾਰ ਵਿਚ ਸੋਭਾ ਖੱਟ ਕੇ ਇੱਜ਼ਤ ਨਾਲ (departs with honour, after earning praise in the world) ਜਾਂਦਾ ਹੈ।

ਉਸ ਮਨੁੱਖ ਦਾ ਧਰਮ ਨਾਲ ਸਿੱਧਾ ਜੋੜ ਬਣ ਜਾਂਦਾ ਹੈ, ਉਹ ਫਿਰ ਦੁਨੀਆਂ ਦੇ ਵੱਖੋ-ਵੱਖਰੇ ਮਜ਼ਹਬਾਂ ਦੇ ਦੱਸੇ ਰਸਤਿਆਂ ਤੇ ਨਹੀਂ ਤੁਰਦਾ ਭਾਵ ਉਸ ਦੇ ਅੰਦਰ ਇਹ ਨਹੀਂ ਰਹਿੰਦਾ ਕਿ ਇਹ ਰਸਤਾ ਚੰਗਾ ਹੈ ਤੇ ਓਹ ਮੰਦਾ ਹੈ।

ਅਕਾਲਪੁਰਖ ਦਾ ਨਾਮ, ਜੋ ਮਾਇਆ ਦੇ ਪ੍ਰਭਾਵ ਤੋ ਪਰ੍ਹੇ ਹੈ, ਐਨਾ ਉੱਚਾ ਹੈ ਕਿ





ਇਸ ਵਿਚ ਜੁੜਨ ਵਾਲਾ ਵੀ ਉੱਚੀ ਆਤਮਕ ਅਵਸਥਾ ਵਾਲਾ ਹੋ ਜਾਂਦਾ ਹੈ, ਪਰ ਇਹ ਗੱਲ ਤਾਂ ਹੀ ਸਮਝ ਵਿਚ ਆਉਂਦੀ ਹੈ, ਜੇ ਕੋਈ ਮਨੁੱਖ ਆਪਣੇ ਮਨ ਵਿਚ ਹਰਿ-ਨਾਮ ਦੀ ਲਗਨ ਪੈਦਾ ਕਰ ਲਏ ।

## (ਪਉੜੀ - ੧੫)

**ਮੰਨੈ ਪਾਵਹਿ *ਮੋਖੁ ਦੁਆਰੁ ॥** — *ਮੁਕਤੀ ਦਾ ਦਰਵਾਜ਼ਾ
**ਮੰਨੈ ਪਰਵਾਰੈ* ਸਾਧਾਰੁ** ॥** — *ਪਰਿਵਾਰ ਨੂੰ **ਟੇਕ ਦ੍ਰਿੜ ਕਰਾਉਦਾਂ ਹੈ
**ਮੰਨੈ ਤਰੈ* **ਤਾਰੇ ਗੁਰੁ ਸਿਖ ॥** — *ਗੁਰੂ ਆਪ ਤਰਦਾ ਹੈ **ਸਿਖਾਂ ਨੂੰ ਤਾਰਦਾ ਹੈ
**ਮੰਨੈ ਨਾਨਕ *ਭਵਹਿ ਨ ਭਿਖ ॥** — *ਦਰ-ਦਰ ਨਹੀਂ ਰੁਲਦੇ ਫਿਰਦੇ
**ਐਸਾ ਨਾਮੁ ਨਿਰੰਜਨੁ ਹੋਇ ॥**
**ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥**

ਜੇ ਮਨ ਵਿਚ ਪ੍ਰਭੂ ਦੇ ਨਾਮ ਦੀ ਲਗਨ ਲੱਗ ਜਾਏ, ਤਾਂ ਮਨੁੱਖ 'ਕੂੜ' ਤੋਂ ਛੁਟਕਾਰਾ ਪਾਉਣ ਦਾ ਰਾਹ ਲੱਭ ਲੈਂਦੇ ਹਨ। ਇਹੋ ਜਿਹਾ ਮਨੁੱਖ ਆਪਣੇ ਪਰਿਵਾਰ ਨੂੰ ਵੀ ਅਕਾਲਪੁਰਖ ਦੀ ਟੇਕ ਦ੍ਰਿੜ ਕਰਾਉਂਦਾ ਹੈ।

ਨਾਮ ਵਿਚ ਮਨ ਪਤੀਜਣ (absorb) ਕਰਕੇ ਹੀ, ਨਾਮ ਦਾ ਮੰਨਣਹਾਰਾ ਆਪ ਸੰਸਾਰ-ਸਾਗਰ ਤੋਂ ਪਾਰ ਲੰਘ ਜਾਂਦਾ ਹੈ ਤੇ ਹੋਰਨਾਂ ਸਿੱਖਾਂ ਨੂੰ ਵੀ ਪਾਰ ਲੰਘਾਉਂਦਾ ਹੈ। ਗੁਰੂ ਦੀ ਸੰਗਤ ਵਿਚ ਐਸੇ ਗੁਰਸਿੱਖ ਹੁੰਦੇ ਹਨ ਜੋ ਆਪ ਨਾਮ ਵਿਚ ਪਤੀਜਦੇ ਹਨ ਤੇ ਆਪਣੇ ਪਰਿਵਾਰ ਤੇ ਸੰਗੀ-ਸਾਥੀ ਗੁਰਸਿੱਖਾਂ ਨੂੰ ਵੀ ਤਾਰ ਲੈਂਦੇ ਹਨ।

ਨਾਮ ਵਿਚ ਮਨ ਜੁੜਨ ਕਰਕੇ, ਹੇ ਨਾਨਕ! ਮਨੁੱਖ ਦਰ-ਦਰ ਤੇ ਮੰਗਦੇ ਨਹੀਂ ਫਿਰਦੇ।

ਅਕਾਲਪੁਰਖ ਦਾ ਨਾਮ, ਜੋ ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਹੈ, ਐਨਾ ਉੱਚਾ ਹੈ ਕਿ ਇਸ ਵਿਚ ਜੁੜਨ ਵਾਲਾ ਵੀ ਉੱਚੇ ਜੀਵਨ ਵਾਲਾ ਹੋ ਜਾਂਦਾ ਹੈ ਪਰ ਇਹ ਗੱਲ ਤਾਂ ਹੀ ਸਮਝ ਵਿਚ ਆਉਂਦੀ ਹੈ, ਜੇ ਕੋਈ ਮਨੁੱਖ ਆਪਣੇ ਮਨ ਵਿਚ ਹਰਿ-ਨਾਮ ਦੀ ਲਗਨ ਪੈਦਾ ਕਰ ਲਏ।

## ਮੰਨੈ

**ਜੇ ਨਾਮ ਮੰਨ ਲਈਏ ਤਾਂ**

(If the devotion for God's Name is developed)

**ਕੀ-ਕੀ ਹੁੰਦਾ ਹੈ?**

- **ਸੁਰਤਿ ਉਚੀ** (consciousness is lifted high)
- **ਮਨ ਵਿੱਚ ਜਾਗ੍ਰਿਤੀ** (mind gets awakened)
- **ਸਾਰੇ ਭਵਨਾਂ ਦੀ ਸੋਝੀ**
- **ਮੂੰਹ ਤੇ ਵਿਕਾਰਾਂ ਦੀਆਂ ਸੱਟਾ ਨਹੀਂ** (evils cannot influence)

- **ਜੀਵਨ ਸਫ਼ਰ ਵਿੱਚ ਰੋਕਾਂ ਨਹੀਂ** (no evils obstruct path of life-journey)
- **ਸੋਭਾ ਮਿਲਦੀ ਹੈ** (earn praise)
- **ਵੱਖੋ-ਵੱਖਰੇ ਰਸਤਿਆਂ ਤੇ ਨਹੀਂ ਪੈਂਦਾ**
- **ਧਰਮ ਨਾਲ ਸਿੱਧਾ ਜੁੜ ਜਾਂਦਾ ਹੈ** (gets directly related to religion)

- **ਮੁਕਤੀ ਦਾ ਦਰਵਾਜ਼ਾ ਮਿਲਦਾ ਹੈ** (door of Liberation)
- **ਪਰਿਵਾਰ ਨੂੰ ਵੀ ਆਸਰਾ ਮਿਲਦਾ ਹੈ**
- **ਆਪ ਤਰਦਾ ਹੈ, ਸਿੱਖਾਂ ਨੂੰ ਤਾਰਦਾ ਹੈ**
- **ਦਰ-ਦਰ ਦੀ ਭਟਕਨਾ ਨਹੀਂ** (do not wander for begging alms)

## (ਪਉੜੀ - ੧੬)

**ਪੰਚ* ਪਰਵਾਣ ਪੰਚ ਪਰਧਾਨੁ॥** *ਜਿਨ੍ਹਾਂ ਨਾਮ ਸੁਣਿਆ ਤੇ ਮੰਨਿਆ
**ਪੰਚੇ ਪਾਵਹਿ ਦਰਗਹਿ ਮਾਨੁ॥**
**ਪੰਚੇ ਸੋਹਹਿ ਦਰਿ ਰਾਜਾਨੁ॥**
**ਪੰਚਾ ਕਾ *ਗੁਰੁ ਏਕੁ ਧਿਆਨੁ**॥** *ਕੇਵਲੁ ਗੁਰੂ ਹੀ **ਸੁਰਤਿ ਦਾ ਨਿਸ਼ਾਨਾ

ਜਿਨ੍ਹਾਂ ਮਨੁੱਖਾਂ ਦੀ ਨਾਮ ਵਿਚ ਸੁਰਤ ਜੁੜੀ ਰਹਿੰਦੀ ਹੈ ਤੇ ਜਿਨ੍ਹਾਂ ਅੰਦਰ ਪ੍ਰਭੂ ਵਾਸਤੇ ਲਗਨ ਬਣ ਜਾਂਦੀ ਹੈ, ਉਹੀ ਮਨੁੱਖ ਜਗਤ ਵਿਚ ਮੰਨੇ-ਪ੍ਰਮੰਨੇ (honoured) ਰਹਿੰਦੇ ਹਨ ਅਤੇ





ਸਭ ਦੇ ਆਗੂ (guide others) ਹੁੰਦੇ ਹਨ। ਅਕਾਲ ਪੁਰਖ ਦੀ ਦਰਗਾਹ ਵਿਚ ਵੀ ਉਹ ਪੰਚ ਜਨ ਹੀ ਆਦਰ ਪਾਉਂਦੇ ਹਨ। ਰਾਜ ਦਰਬਾਰਾਂ ਵਿਚ ਵੀ ਉਹ ਪੰਚ ਜਨ ਸ਼ੋਭਦੇ ਹਨ। ਇਨਾਂ ਪੰਚ ਜਨਾਂ ਦੀ ਸੁਰਤ ਦਾ ਨਿਸ਼ਾਨਾ ਕੇਵਲ ਇਕ ਅਕਾਲਪੁਰਖ ਹੀ ਹੈ। ਭਾਵ, ਗੁਰੂ ਸ਼ਬਦ ਵਿਚ ਜੁੜੇ ਰਹਿਣਾ ਹੀ ਇਹਨਾਂ ਦਾ ਅਸਲ ਨਿਸ਼ਾਨਾ ਹੈ।

**ਜੇ ਕੋ ਕਹੈ ਕਰੈ ਵੀਚਾਰੁ॥**
***ਕਰਤੇ ਕੈ ਕਰਣੈ ਨਾਹੀ ਸੁਮਾਰੁ**॥** *ਕਰਤਾਰ ਦੀ ਕੁਦਰਤ ਦਾ **ਹਿਸਾਬ, ਲੇਖਾ

ਅਕਾਲਪੁਰਖ ਦੀ ਕੁਦਰਤ ਦਾ ਕੋਈ ਲੇਖਾ ਨਹੀਂ, ਭਾਵ ਅੰਤ ਨਹੀਂ ਪੈ ਸਕਦਾ। ਭਾਵੇਂ ਕੋਈ ਕਥਨ ਕਰ ਵੇਖੇ ਤੇ ਵੀਚਾਰ (narrate and contemplate) ਕਰ ਲਏ, ਪਰਮਾਤਮਾ ਅਤੇ ਉਸਦੀ ਕੁਦਰਤ ਦਾ ਅੰਤ ਲੱਭਣਾ, ਉਸ ਦੀਆਂ ਕਰਨੀਆਂ ਨੂੰ ਗਿਣਨਾ ਸੰਭਵ ਨਹੀਂ ਹੈ।

**ਧੌਲੁ* ਧਰਮੁ** ਦਇਆ ਕਾ ਪੂਤੁ॥** *ਬੈਲ **ਅਕਾਲਪੁਰਖ ਦਾ ਨਿਯਮ
**ਸੰਤੋਖੁ ਥਾਪਿ ਰਖਿਆ ਜਿਨਿ *ਸੂਤਿ॥** *ਸੂਤਰ/ਮਰਯਾਦਾ ਵਿਚ
**ਜੇ ਕੋ ਬੁਝੈ ਹੋਵੈ ਸਚਿਆਰੁ॥**
**ਧਵਲੈ ਉਪਰਿ *ਕੇਤਾ ਭਾਰੁ॥** *ਬੇਅੰਤ ਭਾਰ
***ਧਰਤੀ ਹੋਰੁ ਪਰੈ** ਹੋਰੁ ਹੋਰੁ॥** *ਧਰਤੀ ਦੇ ਹੇਠਾਂ ਹੋਰ ਬੈਲ **ਉਸ ਤੋਂ ਹੇਠਾਂ
**ਤਿਸ ਤੇ ਭਾਰੁ ਤਲੈ* **ਕਵਣੁ ਜੋਰੁ॥** *ਹੇਠਾਂ **ਕਿਹੜਾ ਸਹਾਰਾ

ਇਹ ਵਿਸ਼ਵਾਸ ਠੀਕ ਨਹੀਂ ਕਿ ਧਰਤੀ ਕਿਸੇ ਬੈਲ (bull) ਦੇ ਸਿੰਗਾਂ ਦੇ ਆਸਰੇ ਖੜ੍ਹੀ ਹੈ। ਅਸਲ ਵਿਚ ਅਕਾਲਪੁਰਖ ਦਾ ਧਰਮ ਰੂਪੀ ਬੱਝਵਾਂ ਨਿਯਮ ਹੀ ਬੈਲ ਹੈ, ਜੋ ਸ੍ਰਿਸ਼ਟੀ ਨੂੰ ਕਾਇਮ ਰੱਖ ਰਿਹਾ ਹੈ। ਇਹ ਧਰਮ ਦਇਆ ਦਾ ਪੁੱਤਰ (born of compassion) ਹੈ। ਭਾਵ ਅਕਾਲਪੁਰਖ ਨੇ ਆਪਣੀ ਮਿਹਰ ਕਰਕੇ ਸ੍ਰਿਸ਼ਟੀ ਨੂੰ ਟਿਕਾ ਰੱਖਣ ਲਈ ਧਰਮ ਰੂਪੀ ਨਿਯਮ ਬਣਾ ਦਿਤਾ ਹੈ। ਇਸ ਧਰਮ ਨੇ ਆਪਣੀ ਮਰਿਯਾਦਾ ਅਨੁਸਾਰ ਸੰਤੋਖ (contentment) ਨੂੰ ਜਨਮ ਦੇ ਦਿੱਤਾ ਹੈ (ਭਾਵ ਰੱਬੀ ਹੁਕਮ ਦੀ ਰਜ਼ਾ ਵਿਚ ਰਾਜ਼ੀ ਇਹ

**ਦਇਆ**
ਤੋਂ ਪੈਦਾ ਹੁੰਦਾ ਹੈ
**ਧਰਮ**
ਤੋਂ ਪੈਦਾ ਹੁੰਦਾ ਹੈ
**ਸੰਤੋਖ**

**ਧੌਲੁ ਧਰਮੁ ਦਇਆ ਕਾ ਪੂਤੁ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥**

ਬ੍ਰਹਿਮੰਡ ਬੜੇ ਸੰਤੋਖ ਨਾਲ ਗਤੀਸ਼ੀਲ ਹੈ)।

ਜੇ ਕੋਈ ਮਨੁੱਖ ਇਸ ਉੱਪਰ ਦੱਸੀ ਵਿਚਾਰ ਨੂੰ ਸਮਝ ਲਏ, ਤਾਂ ਉਹ ਇਸ ਯੋਗ ਹੋ ਜਾਂਦਾ ਹੈ ਕਿ ਉਸਦੇ ਅੰਦਰ ਅਕਾਲਪੁਰਖ ਦਾ ਪ੍ਰਕਾਸ਼ (eligible for Divine enlightenment) ਹੋ ਜਾਏ। ਨਹੀਂ ਤਾਂ ਖ਼ਿਆਲ ਕਰੋ ਕਿ ਬੈਲ ਉੱਤੇ ਧਰਤੀ ਦਾ ਕਿੰਨਾ ਕੁ ਬੇਅੰਤ ਭਾਰ ਹੈ, ਉਹ ਵਿਚਾਰਾ ਇੰਨੇ ਭਾਰ ਨੂੰ ਚੁੱਕ ਕਿਵੇਂ ਸਕਦਾ ਹੈ?

ਦੂਜੀ ਵੀਚਾਰ ਹੋਰ ਹੈ ਕਿ ਜੇ ਧਰਤੀ ਦੇ ਹੇਠ ਬੈਲ ਹੈ ਤਾਂ ਉਹ ਕਿਥੇ ਖੜਾ ਹੈ? ਉਸ ਬੈਲ ਨੂੰ ਸਹਾਰਾ ਦੇਣ ਲਈ ਹੇਠਾਂ ਹੋਰ ਧਰਤੀ ਹੋਈ, ਉਸ ਧਰਤੀ ਦੇ ਹੇਠਾਂ ਹੋਰ ਬੈਲ, ਉਸ ਤੋਂ ਹੇਠਾਂ ਧਰਤੀ ਦੇ ਹੇਠ ਹੋਰ ਬੈਲ, ਫੇਰ ਹੋਰ ਬੈਲ, ਇਸੇ ਤਰ੍ਹਾਂ ਅਖ਼ੀਰਲੇ ਬੈਲ ਨੂੰ ਭਾਰ ਸਹਾਰਨ ਲਈ ਉਸ ਦੇ ਹੇਠਾਂ ਕਿਹੜਾ ਆਸਰਾ ਹੋਵੇਗਾ? ਇਸ ਧਰਤੀ ਤੋਂ ਪਰ੍ਹੇ ਇਸ ਗਗਨ ਮੰਡਲ ਵਿਚ ਬੇਅੰਤ ਹੋਰ ਧਰਤੀਆਂ ਹਨ, ਉਨ੍ਹਾਂ ਦੇ ਭਾਰ ਕਿਸ ਨੇ ਚੁੱਕੇ ਹੋਏ ਹਨ?

**ਜੀਅ ਜਾਤਿ ਰੰਗਾ *ਕੇ ਨਾਵ॥** — *ਕਈ ਨਾਵਾਂ ਦੇ
**ਸਭਨਾ ਲਿਖਿਆ *ਵੁੜੀ ਕਲਾਮ॥** — *ਕਲਮ ਨੂੰ ਰੋਕਣ ਤੋਂ ਬਿਨਾਂ ਹੀ
**ਏਹੁ ਲੇਖਾ ਲਿਖਿ ਜਾਣੈ ਕੋਇ॥**
**ਲੇਖਾ ਲਿਖਿਆ ਕੇਤਾ ਹੋਇ॥**
**ਕੇਤਾ ਤਾਣੁ ਸੁਆਲਿਹੁ* ਰੂਪੁ॥** — *ਸੁੰਦਰ
**ਕੇਤੀ ਦਾਤਿ ਜਾਣੈ ਕੌਣੁ ਕੂਤੁ*॥** — *ਮਾਪ, ਅੰਦਾਜ਼ਾ
**ਕੀਤਾ ਪਸਾਉ* ਏਕੋ ਕਵਾਉ*॥** — *ਪਸਾਰਾ, ਸੰਸਾਰ **ਬਚਨ, ਹੁਕਮ
**ਤਿਸ ਤੇ ਹੋਏ ਲਖ ਦਰੀਆਉ॥**

ਸ੍ਰਿਸ਼ਟੀ ਵਿਚ ਕਈ ਜ਼ਾਤਾਂ, ਕਿਸਮਾਂ ਅਤੇ ਨਾਵਾਂ ਦੇ ਜੀਵ ਹਨ। ਕਥਾਵਾਂ ਤਾਂ ਹਨ ਕਿ ਇਕ ਤੇਜ਼ ਚਲਦੀ ਕਲਮ (ever flowing pen of God) ਨਾਲ ਇਨ੍ਹਾਂ ਦੇ ਲੇਖ, ਕਿਸਮਤ, ਕਰਮ, ਫਲ, ਦੁਖ-ਸੁਖ ਆਦਿ ਲਿਖੇ ਜਾਂਦੇ ਹਨ, ਪਰ ਇਹਨਾਂ ਲੇਖਾਂ ਦਾ ਤੇ ਪ੍ਰਮਾਤਮਾ ਦੀ ਕੁਦਰਤ ਦਾ ਅੰਤ ਕੋਈ ਵੀ ਜੀਵ ਨਹੀਂ ਪਾ ਸਕਦਾ। ਜੇ ਲੇਖਾ ਲਿਖਿਆ ਵੀ ਜਾਏ, ਤਾਂ ਇਹ ਅੰਦਾਜ਼ਾ ਨਹੀਂ ਲੱਗ ਸਕਦਾ ਕਿ ਲੇਖਾ ਕਿੰਨਾ ਵੱਡਾ (voluminous) ਹੋ ਜਾਏ?

ਅਕਾਲਪੁਰਖ ਦਾ ਕਿੰਨਾ ਵੱਡਾ ਬੇਅੰਤ ਬਲ ਹੈ, ਬੇਅੰਤ ਸੁੰਦਰ ਰੂਪ (fascinating beauty) ਹੈ, ਬੇਅੰਤ ਉਸਦੀ ਦਾਤ ਹੈ। ਇਸ ਦਾ ਕਿਹੜੇ ਮਾਪ ਨਾਲ ਅੰਦਾਜ਼ਾ ਕੌਣ ਦੇ ਸਕਦਾ ਹੈ?

ਅਕਾਲਪੁਰਖ ਨੇ ਆਪਣੇ ਹੁਕਮ ਨਾਲ ਸਾਰਾ ਸੰਸਾਰ ਬਣਾ ਦਿਤਾ ਹੈ, ਉਸ ਹੁਕਮ





ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ, ਭਾਵ ਭਾਂਤ-ਭਾਂਤ ਦੇ ਜੀਵ-ਜੰਤ ਘੜੇ ਗਏ ।

**ਕੁਦਰਤਿ* ਕਵਣ** ਕਹਾ ਵੀਚਾਰੁ॥** — *ਤਾਕਤ, ਸਮਰਥਾ **ਕਿਹੜੀ, ਕੀ ?
***ਵਾਰਿਆ ਨ ਜਾਵਾ ਏਕ ਵਾਰ॥** — *ਮੇਰੀ ਕੀ ਪਾਇਆਂ ਹੈ?
**ਜੋ ਤੁਧੁ ਭਾਵੈ *ਸਾਈ ਭਲੀ ਕਾਰ॥** — *ਓਹੋ ਭਲਾ ਕੰਮ
**ਤੂੰ ਸਦਾ ਸਲਾਮਤਿ* ਨਿਰੰਕਾਰ ॥੧੬॥** — *ਥਿਰ, ਅਟੱਲ

ਮੇਰੀ ਕੀ ਤਾਕਤ (might) ਹੈ ਕਿ ਕਰਤਾਰ ਦੀ ਕੁਦਰਤ ਦੀ ਵੀਚਾਰ ਕਰ ਸਕਾਂ? ਹੇ ਅਕਾਲਪੁਰਖ! ਮੈਂ ਤਾਂ ਤੇਰੇ ਉੱਤੋਂ ਇੱਕ ਵਾਰੀ ਵੀ ਸਦਕੇ ਹੋਣ ਜੋਗਾ ਨਹੀਂ ਹਾਂ। ਭਾਵ, ਮੇਰੀ ਹਸਤੀ ਬਹੁਤ ਹੀ ਤੁੱਛ ਹੈ। ਹੇ ਨਿਰੰਕਾਰ! ਤੂੰ ਸਦਾ ਅਟੱਲ (ever exists) ਰਹਿਣ ਵਾਲਾ ਹੈਂ, ਜੋ ਤੈਨੂੰ ਚੰਗਾ ਲੱਗਦਾ (whatever pleases God) ਹੈ, ਉਹ ਕੰਮ ਭਲਾ (good undertaking) ਹੈ, ਭਾਵ ਤੇਰੀ ਰਜ਼ਾ ਵਿਚ ਰਹਿਣਾ ਹੀ ਠੀਕ ਹੈ ਕਿਉਂਕਿ ਤੂੰ ਹੀ ਇਕ ਸਦੀਵੀਂ ਹੋਂਦ ਵਾਲੀ ਅਟੱਲ ਹਸਤੀ ਹੈਂ।

## (ਪਉੜੀ - ੧੭)

**ਅਸੰਖ* ਜਪ ਅਸੰਖ ਭਾਉ**॥** — *ਅਣਗਿਣਤ **ਪਿਆਰ
**ਅਸੰਖ ਪੂਜਾ ਅਸੰਖ *ਤਪ ਤਾਉ॥** — *ਤਪਾਂ ਦਾ ਤਪਣਾ

ਅਕਾਲ ਪੁਰਖ ਦੀ ਰਚਨਾ ਵਿਚ ਅਣਗਿਣਤ (countless) ਜੀਵ ਜਪ-ਤਪ (meditate) ਕਰਦੇ ਹਨ, ਭਗਤੀ ਕਰਦੇ ਹਨ, ਬੇਅੰਤ ਜੀਵ ਸ਼ਰਧਾ ਤੇ ਪਿਆਰ ਰੱਖਣ ਵਾਲੇ ਹਨ। ਕਈ ਜੀਵ ਪੂਜਾ ਕਰ ਰਹੇ ਹਨ ਅਤੇ ਅਣਗਿਣਤ ਹੀ ਜੀਵ ਤਪ (penance) ਕਰ ਰਹੇ ਹਨ।

**ਅਸੰਖ ਗਰੰਥ ਮੁਖਿ ਵੇਦ ਪਾਠ॥**
**ਅਸੰਖ ਜੋਗ ਮਨਿ *ਰਹਹਿ ਉਦਾਸ॥** — *ਉਪਰਾਮ (indifferent)

ਬੇਅੰਤ ਜੀਵ ਵੇਦਾਂ ਅਤੇ ਹੋਰ ਧਾਰਮਿਕ ਪੁਸਕਤਾਂ ਦੇ ਪਾਠ ਮੂੰਹ ਨਾਲ ਕਰ ਰਹੇ ਹਨ। ਜੋਗ ਦੇ ਸਾਧਨ ਕਰਨ ਵਾਲੇ ਬੇਅੰਤ ਮਨੁੱਖ ਆਪਣੇ ਮਨ ਵਿਚ ਮਾਇਆ ਵਲੋਂ ਉਪਰਾਮ (detached) ਰਹਿੰਦੇ ਹਨ ਭਾਵ ਪਾਠ, ਯੋਗ, ਸਾਧਨਾ ਤੇ ਉਦਾਸੀ ਕਰਨ ਵਾਲੇ ਅਸੰਖਾਂ ਹੀ ਹਨ।

**ਅਸੰਖ ਭਗਤ ਗੁਣ ਗਿਆਨ ਵੀਚਾਰ॥**
**ਅਸੰਖ *ਸਤੀ ਅਸੰਖ **ਦਾਤਾਰ॥** *ਦਾਨੀ ਮਨੁੱਖ **ਦਾਤਾਂ ਦੇਣ ਵਾਲੇ

ਅਕਾਲਪੁਰਖ ਦੀ ਕੁਦਰਤ ਵਿਚ ਅਣਗਿਣਤ ਭਗਤ ਹਨ, ਜੋ ਅਕਾਲਪੁਰਖ ਦੇ ਗੁਣਾਂ ਦੀ ਗਿਆਨ ਸਹਿਤ ਵੀਚਾਰ ਕਰ ਰਹੇ ਹਨ, ਅਨੇਕਾਂ ਹੀ ਦਾਨੀ ਤੇ ਦਾਤੇ ਵੀ ਹਨ।

**ਅਸੰਖ ਸੂਰ* ਮੁਹ **ਭਖ ਸਾਰ॥** *ਸੂਰਮੇ, ਜੋਧੇ **ਸ਼ਸਤ੍ਰਾਂ ਦੇ ਵਾਰ ਸਹਿਣ ਵਾਲੇ
**ਅਸੰਖ ਮੋਨਿ *ਲਿਵ ਲਾਇ ਤਾਰ॥** *ਇਕ-ਰਸ ਲਿਵ ਲਾ ਕੇ

ਅਕਾਲਪੁਰਖ ਦੀ ਰਚਨਾ ਵਿਚ ਬੇਅੰਤ ਸੂਰਮੇ (warriors) ਹਨ, ਜੋ ਖਿੜੇ ਮੱਥੇ ਸ਼ਸਤ੍ਰਾਂ ਦੇ ਵਾਰ ਸਹਿੰਦੇ ਹਨ; ਅਨੇਕਾਂ ਮੋਨੀ (silent sages) ਹਨ, ਜੋ ਇਕ ਰਸ ਬਿਰਤੀ ਜੋੜ ਕੇ ਬੈਠ ਰਹੇ ਹਨ ਭਾਵ ਅਸੰਖ ਹੀ ਸੱਚੇ ਸੂਰਮੇ ਹਨ ਤੇ ਅਣਗਿਣਤ ਹੀ ਇਕ ਟਿਕ ਲਿਵ ਜੋੜਨ ਵਾਲੇ (uninterrupted meditation) ਮੋਨੀ ਭਗਤ ਹਨ।

**ਕੁਦਰਤਿ ਕਵਣ ਕਹਾ ਵੀਚਾਰੁ॥**
**ਵਾਰਿਆ ਨ ਜਾਵਾ ਏਕ ਵਾਰ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ॥**
**ਤੂ ਸਦਾ ਸਲਾਮਤਿ ਨਿਰੰਕਾਰ॥੧੭॥**

ਮੇਰੀ ਕੀ ਤਾਕਤ ਹੈ ਕਿ ਕਰਤਾਰ ਦੀ ਕੁਦਰਤ ਦੀ ਵੀਚਾਰ ਕਰ ਸਕਾਂ? ਹੇ ਅਕਾਲਪੁਰਖ! ਮੈਂ ਤਾਂ ਤੇਰੇ ਉੱਤੋਂ ਇਕ ਵਾਰ ਵੀ ਸਦਕੇ ਜਾਣ (even once be a sacrifice to You) ਜੋਗਾ ਨਹੀਂ। ਭਾਵ ਮੇਰੀ ਹਸਤੀ ਬਹੁਤ ਹੀ ਤੁੱਛ ਹੈ। ਨਿਰੰਕਾਰ! ਤੂੰ ਸਦਾ ਅਟੱਲ ਰਹਿਣ ਵਾਲਾ ਹੈਂ। ਜੋ ਤੈਨੂੰ ਚੰਗਾ ਲੱਗਦਾ ਹੈ, ਉਹੀ ਕੰਮ ਭਲਾ ਹੈ। ਭਾਵ ਤੇਰੀ ਰਜ਼ਾ ਵਿਚ ਰਹਿਣਾ ਹੀ ਠੀਕ ਹੈ।

## (ਪਉੜੀ - ੧੮)

**ਅਸੰਖ *ਮੂਰਖ ਅੰਧ ਘੋਰ॥** *ਮਹਾਂ ਮੂਰਖ
**ਅਸੰਖ ਚੋਰ ਹਰਾਮਖੋਰ॥**
**ਅਸੰਖ ਅਮਰ* ਕਰਿ ਜਾਹਿ ਜੋਰ**॥** *ਹੁਕਮ **ਵਧੀਕੀਆਂ

ਨਿਰੰਕਾਰ ਦੀ ਰਚੀ ਹੋਈ ਸ੍ਰਿਸ਼ਟੀ ਵਿਚ ਅਨੇਕਾਂ ਹੀ ਮਹਾਂਮੂਰਖ ਹਨ, ਅਨੇਕਾਂ ਹੀ





ਚੋਰ ਹਨ, ਜੋ ਪਰਾਇਆ ਮਾਲ ਚੁਰਾ-ਚੁਰਾ (devours others' property) ਕੇ ਵਰਤ ਰਹੇ ਹਨ ਅਤੇ ਅਨੇਕਾਂ ਹੀ ਇਹੋ ਜਿਹੇ ਮਨੁੱਖ ਹਨ ਜੋ ਦੂਜਿਆਂ ਤੇ ਹੁਕਮ ਤੇ ਵਧੀਕੀਆਂ (ordering and committing excesses) ਕਰ-ਕਰ ਕੇ ਅੰਤ ਨੂੰ ਇਸ ਸੰਸਾਰ ਤੋਂ ਚਲੇ (depart) ਜਾਂਦੇ ਹਨ।

**ਅਸੰਖ ਗਲਵਢ* ਹਤਿਆ ਕਮਾਹਿ॥** *ਕਾਤਲ
**ਅਸੰਖ ਪਾਪੀ ਪਾਪੁ ਕਰਿ ਜਾਹਿ॥**

ਅਨੇਕਾਂ ਹੀ ਹਤਿਆਰੇ (murderers) ਦੂਜਿਆਂ ਦੇ ਗੱਲ ਵੱਢ (cut-throats) ਰਹੇ ਹਨ ਅਤੇ ਅਨੇਕਾਂ ਹੀ ਪਾਪੀ (sinners) ਪਾਪ ਕਮਾ ਕੇ (practise falsehood) ਇਸ ਦੁਨੀਆਂ ਤੋਂ ਤੁਰ ਜਾਂਦੇ ਹਨ।

**ਅਸੰਖ ਕੂੜਿਆਰ* ਕੂੜੇ** ਫਿਰਾਹਿ॥** *ਝੂਠ ਦੇ ਸੁਭਾਉ ਵਾਲੇ **ਝੂਠ ਵਿਚ
**ਅਸੰਖ ਮਲੇਛ* ਮਲੁ **ਭਖਿ ਖਾਹਿ॥** *ਮਲੀਨ ਮਤ ਵਾਲੇ **ਹਾਬੜਿਆਂ ਵਾਂਗ ਖਾਣਾ

ਅਨੇਕਾਂ ਹੀ ਝੂਠ ਬੋਲਣ ਦੇ ਸੁਭਾਉ ਵਾਲੇ (habitual liars) ਝੂਠ ਵਿਚ ਹੀ ਰੁੱਝੇ ਪਏ ਹਨ ਅਤੇ ਅਨੇਕਾਂ ਹੀ ਖੋਟੀ ਬੁੱਧੀ (impure minds) ਵਾਲੇ ਮਲ (filth) ਭਾਵ ਨਾ ਖਾਣ ਯੋਗ ਪਦਾਰਥ ਹਾਬੜਿਆਂ ਵਾਂਗ (impatient to eat) ਖਾਈ ਜਾ ਰਹੇ ਹਨ।

**ਅਸੰਖ ਨਿੰਦਕ ਸਿਰਿ ਕਰਹਿ ਭਾਰੁ॥**
**ਨਾਨਕੁ ਨੀਚੁ ਕਹੈ ਵੀਚਾਰੁ॥**

ਅਨੇਕਾਂ ਹੀ ਨਿੰਦਕ (slanderers), ਨਿੰਦਾ ਕਰ-ਕਰ ਕੇ ਆਪਣੇ ਸਿਰ ਉੱਤੇ ਨਿੰਦਿਆ ਦਾ ਭਾਰ (load of slandering) ਚੁੱਕ ਰਹੇ ਹਨ। ਹੇ ਨਿਰੰਕਾਰ! ਅਨੇਕਾਂ ਹੋਰ ਜੀਵ ਕਈ ਹੋਰ ਕੁਕਰਮਾਂ ਵਿਚ ਫਸੇ ਪਏ ਹਨ। ਮੇਰੀ ਕੀ ਤਾਕਤ ਹੈ ਕਿ ਤੇਰੀ ਕੁਦਰਤ ਦੀ ਪੂਰਨ ਵਿਚਾਰ ਕਰ ਸਕਾਂ। ਨਾਨਕ ਵਿਚਾਰਾ (Humble Nanak) ਤਾਂ ਇਹ ਉਪਰਲੀ ਤੁੱਛ ਜਿਹੀ ਵਿਚਾਰ ਪੇਸ਼ ਕਰਦਾ ਹੈ।

**ਵਾਰਿਆ ਨਾ ਜਾਵਾ ਏਕ ਵਾਰ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ॥**
**ਤੂ ਸਦਾ ਸਲਾਮਤਿ ਨਿਰੰਕਾਰ॥੧੮॥**

ਹੇ ਅਕਾਲਪੁਰਖ! ਮੈਂ ਤਾਂ ਤੇਰੇ ਉੱਤੋਂ ਇਕ ਵਾਰ ਵੀ ਸਦਕੇ ਜਾਣ ਜੋਗਾ ਨਹੀਂ ਹਾਂ ਭਾਵ, ਮੈਂ ਤੇਰੀ ਬੇਅੰਤ ਕੁਦਰਤ ਦੀ ਪੂਰਨ ਵੀਚਾਰ ਕਰਨ ਜੋਗਾ ਨਹੀਂ ਹਾਂ। ਹੇ ਨਿਰੰਕਾਰ! ਤੂੰ

ਸਦਾ ਥਿਰ (everlasting) ਰਹਿਣ ਵਾਲਾ ਹੈਂ। ਜੋ ਤੈਨੂੰ ਚੰਗਾ ਲੱਗਦਾ ਹੈ,ਉਹੀ ਕੰਮ ਭਲਾ ਹੈ, ਭਾਵ ਤੇਰੀ ਰਜ਼ਾ ਵਿਚ ਰਹਿਣਾ ਠੀਕ ਹੈ; ਤੇਰੀ ਸਿਫਤ-ਸਾਲਾਹ ਕਰ ਕੇ ਅਸਾਂ ਜੀਵਾਂ ਲਈ ਇਹੀ ਭਲੀ ਗੱਲ ਹੈ ਕਿ ਤੇਰੀ ਰਜ਼ਾ ਵਿਚ ਰਹੀਏ।

## (ਪਉੜੀ – ੧੯)

**ਅਸੰਖ ਨਾਵ ਅਸੰਖ ਥਾਵ॥**
**ਅਗੰਮ ਅਗੰਮ* ਅਸੰਖ ਲੋਅ**॥** *ਪਹੁੰਚ ਨਾ ਹੋ ਸਕੇ **ਬ੍ਰਹਮੰਡ ਦਾ ਹਿੱਸਾ
**ਅਸੰਖ ਕਹਹਿ ਸਿਰਿ ਭਾਰੁ ਹੋਇ॥**

ਕੁਦਰਤ ਦੇ ਅਨੇਕ ਜੀਵਾਂ ਤੇ ਹੋਰ ਬੇਅੰਤ ਪਦਾਰਥਾਂ ਦੇ ਅਸੰਖਾਂ ਹੀ ਨਾਮ (countless names) ਹਨ ਤੇ ਅਸੰਖਾਂ ਹੀ ਉਹਨਾਂ ਦੇ (ਖੰਡਾਂ, ਬ੍ਰਹਿਮੰਡਾਂ ਅੰਦਰ) ਥਾਂ-ਟਿਕਾਣੇ (abodes) ਹਨ। ਕੁਦਰਤ ਵਿਚ ਅਸੰਖਾਂ ਹੀ ਭਵਣ ਹਨ ਜਿਨ੍ਹਾਂ ਤੱਕ ਮਨੁੱਖ ਦੀ ਪਹੁੰਚ (inaccessible) ਹੀ ਨਹੀਂ ਹੋ ਸਕਦੀ, ਪਰ ਜੋ ਮਨੁੱਖ ਕੁਦਰਤ ਦਾ ਲੇਖਾ ਕਰਨ ਵਾਸਤੇ ਸ਼ਬਦ 'ਅਸੰਖ' (countless) ਵੀ ਆਖਦੇ ਹਨ, ਉਹਨਾਂ ਦੇ ਸਿਰ ਉੱਤੇ ਵੀ ਭਾਰ ਹੁੰਦਾ ਹੈ ਭਾਵ ਉਹ ਵੀ ਭੁੱਲ ਕਰਦੇ ਹਨ, 'ਅਸੰਖ' ਸ਼ਬਦ ਵੀ ਕਾਫ਼ੀ ਨਹੀਂ (word countless is also inadequate) ਹੈ। ਸ਼ਬਦਾਂ ਵਿਚ ਉਸ ਨੂੰ ਬਿਆਨ ਕਰਨਾ ਸੰਭਵ ਹੀ ਨਹੀਂ ਹੈ।

**ਅਖਰੀ* ਨਾਮੁ ਅਖਰੀ ਸਾਲਾਹ**॥** *ਅਖਰਾਂ ਦੇ ਰਾਹੀਂ **ਸਿਫ਼ਤ
**ਅਖਰੀ ਗਿਆਨੁ ਗੀਤ *ਗੁਣ ਗਾਹ॥** *ਗੁਣਾਂ ਦੇ
**ਅਖਰੀ *ਲਿਖਣੁ ਬੋਲਣੁ ਬਾਣਿ॥** *ਬਾਣੀ ਦਾ ਲਿਖਣਾ-ਬੋਲਣਾ
***ਅਖਰਾ ਸਿਰਿ ਸੰਜੋਗੁ ਵਖਾਣਿ**॥** *ਅੱਖਰਾਂ ਦੇ ਰਾਹੀਂ **ਦਸਣਾ
**ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥**
**ਜਿਵ ਫੁਰਮਾਏ ਤਿਵ ਤਿਵ ਪਾਹਿ॥**

ਭਾਵੇਂ ਕੋਈ ਵੀ ਸ਼ਬਦ ਕਾਫ਼ੀ ਨਹੀਂ ਹੈ, ਪਰ ਅਕਾਲਪੁਰਖ ਦਾ ਨਾਮ ਵੀ ਅੱਖਰਾਂ (words) ਦੇ ਰਾਹੀਂ ਹੀ ਲਿਆ ਜਾ ਸਕਦਾ ਹੈ। ਉਸ ਦੀ ਸਿਫ਼ਤ-ਸਲਾਹ ਵੀ ਅੱਖਰਾਂ ਦੇ ਰਾਹੀਂ ਹੀ ਕੀਤੀ ਜਾ ਸਕਦੀ ਹੈ। ਅਕਾਲ ਪੁਰਖ ਦਾ ਗਿਆਨ ਵੀ ਅੱਖਰਾਂ ਦੇ ਰਾਹੀਂ ਹੀ ਵਿਚਾਰਿਆ ਜਾ ਸਕਦਾ ਹੈ। ਅੱਖਰਾਂ ਦੇ ਰਾਹੀਂ ਹੀ ਉਸਦੇ ਗੀਤ ਅਤੇ ਗੁਣਾਂ ਤੋਂ ਵਾਕਿਫ਼ ਹੋ ਸਕੀਦਾ ਹੈ।





ਬੋਲੀ ਦਾ ਲਿਖਣਾ ਤੇ ਬੋਲਣਾ ਵੀ ਅੱਖਰਾਂ ਦੇ ਰਾਹੀਂ ਹੀ ਦੱਸਿਆ ਜਾ ਸਕਦਾ ਹੈ। ਅਖਰਾਂ ਰਾਹੀ ਹੀ ਜੀਵਾਂ ਦੇ ਮੇਲ ਦਸੇ ਜਾ ਸਕਦੇ ਹਨ। ਜਿਸ ਅਕਾਲਪੁਰਖ ਨੇ ਜੀਵਾਂ ਦੇ ਸੰਜੋਗ ਦੇ ਇਹ ਅੱਖਰ ਬਖ਼ਸ਼ਿਸ਼ ਕੀਤੇ ਹਨ, ਉਸ ਦੇ ਸਿਰ ਉਤੇ ਕੋਈ ਲੇਖ ਨਹੀਂ ਹੈ ਭਾਵ ਕੋਈ ਮਨੁੱਖ ਉਸ ਅਕਾਲ ਪੁਰਖ ਦਾ ਲੇਖਾ ਨਹੀਂ ਕਰ ਸਕਦਾ। ਜਿਸ ਤਰ੍ਹਾਂ ਉਹ ਅਕਾਲ ਪੁਰਖ ਹੁਕਮ ਕਰਦਾ (ordained by God) ਹੈ, ਉਸੇ ਤਰ੍ਹਾਂ ਜੀਵ ਆਪਣੇ ਸੰਜੋਗ ਭੋਗਦੇ ਹਨ ਤੇ ਪ੍ਰਭੂ ਦੀ ਸਿਫ਼ਤ-ਸਾਲਾਹ ਕਰਨ ਦੀ ਯੋਗਤਾ ਪਾਉਂਦੇ ਹਨ।

**ਜੇਤਾ ਕੀਤਾ ਤੇਤਾ ਨਾਉ॥**
**ਵਿਣੁ ਨਾਵੈ ਨਾਹੀ ਕੋ ਥਾਉ॥**

ਇਹ ਸਾਰਾ ਸੰਸਾਰ, ਜੋ ਅਕਾਲਪੁਰਖ ਨੇ ਬਣਾਇਆ ਹੈ, ਇਹ ਉਸ ਦਾ ਹੀ ਸਰੂਪ (manifestation) ਹੈ, ਉਸੇ ਦੇ ਨਾਮ ਦਾ ਪਸਾਰਾ ਹੈ। ਕੋਈ ਥਾਂ ਅਕਾਲਪੁਰਖ ਦੇ ਨਾਮ ਤੋਂ ਖ਼ਾਲੀ ਨਹੀਂ ਭਾਵ ਉਹ ਕਰਤਾ ਪੁਰਖ ਆਪਣੀ ਰਚਨਾ ਵਿਚ ਨਾਮ ਰੂਪੀ ਹੋ ਕੇ ਵਸਿਆ ਹੋਇਆ ਹੈ।

**ਕੁਦਰਤਿ ਕਵਣ ਕਹਾ ਵੀਚਾਰੁ॥**
**ਵਾਰਿਆ ਨ ਜਾਵਾ ਏਕ ਵਾਰ॥**
**ਜੋ ਤੁਧੁ ਭਾਵੈ ਸਾਈ ਭਲੀ ਕਾਰ॥**
**ਤੂ ਸਦਾ ਸਲਾਮਤਿ ਨਿਰੰਕਾਰ ॥੧੯॥**

ਮੇਰੀ ਕੀ ਤਾਕਤ ਹੈ ਕਿ ਕਰਤਾਰ ਦੀ ਕੁਦਰਤ ਦੀ ਵੀਚਾਰ ਕਰ ਸਕਾਂ ? ਹੇ ਅਕਾਲਪੁਰਖ! ਮੈਂ ਤਾਂ ਤੇਰੇ ਉੱਤੋਂ ਇਕ ਵਾਰ ਵੀ ਸਦਕੇ ਹੋਣ ਜੋਗਾ ਨਹੀਂ ਹਾਂ। ਭਾਵ ਮੇਰੀ ਹਸਤੀ ਬਹੁਤ ਹੀ ਤੁੱਛ ਹੈ। ਹੇ ਨਿਰੰਕਾਰ! ਤੂੰ ਸਦਾ ਥਿਰ ਰਹਿਣ ਵਾਲਾ ਹੈਂ, ਜੋ ਤੈਨੂੰ ਚੰਗਾ ਲੱਗਦਾ ਹੈ, ਉਹੀ ਕੰਮ ਭਲਾ ਹੈ ਭਾਵ ਤੇਰੀ ਰਜ਼ਾ ਵਿਚ ਰਹਿਣਾ ਹੀ ਜੀਵਾਂ ਲਈ ਭਲੀ ਗੱਲ ਹੈ।

## (ਪਉੜੀ – ੨੦)

**ਭਰੀਐ* ਹਥੁ ਪੈਰੁ ਤਨੁ ਦੇਹ॥** *ਜੇ ਭਰ ਜਾਏ
**ਪਾਣੀ ਧੋਤੈ ਉਤਰਸੁ ਖੇਹ*॥** *ਮਿੱਟੀ, ਧੂੜ

ਜੇ ਹੱਥ, ਪੈਰ ਜਾਂ ਸਰੀਰ ਮਿੱਟੀ ਨਾਲ ਭਰ ਜਾਏ, ਤਾਂ ਪਾਣੀ ਨਾਲ ਧੋਤਿਆਂ ਮੈਲ ਉਤਰ ਜਾਂਦੀ ਹੈ।

**ਮੂਤ ਪਲੀਤੀ* ਕਪੜੁ ਹੋਇ॥** *ਪਲੀਤ, ਗੰਦਾ

**ਦੇ ਸਾਬੂਣੁ *ਲਈਐ ਓਹੁ ਧੋਇ॥** *ਧੋ ਲਈਦਾ ਹੈ

ਜੇ ਕੋਈ ਕੱਪੜਾ ਮਲ-ਮੂਤਰ (urine) ਭਾਵ ਸਰੀਰਕ ਗੰਦਗੀ ਨਾਲ ਗੰਦਾ (soiled) ਹੋ ਜਾਏ, ਤਾਂ ਸਾਬਣ ਲਾ ਕੇ ਉਸ ਨੂੰ ਧੋ ਲਈਦਾ ਹੈ।

**ਭਰੀਐ ਮਤਿ* ਪਾਪਾ ਕੈ ਸੰਗਿ॥** *ਬੁੱਧ

**ਓਹੁ ਧੋਪੈ *ਨਾਵੈ ਕੈ ਰੰਗਿ॥** *ਨਾਮ ਦੇ ਪ੍ਰੇਮ ਨਾਲ

ਪਰ ਜੇ ਮਨੁੱਖ ਦੀ ਬੁੱਧੀ (intellect) ਪਾਪਾਂ ਨਾਲ ਮਲੀਨ (defiled with sins) ਹੋ ਜਾਏ, ਤਾਂ ਉਸ ਨੂੰ ਅਕਾਲਪੁਰਖ ਦੇ ਨਾਮ ਵਿੱਚ ਪਿਆਰ (reciting God's Name with love) ਕਰਨ ਨਾਲ ਹੀ ਧੋਤਾ ਜਾ ਸਕਦਾ ਹੈ। ਨਾਮ ਦੀ ਰੰਗਤ ਮਨ ਦੀ ਮੈਲ ਨੂੰ ਦੂਰ ਕਰ ਦਿੰਦੀ ਹੈ।

**ਪੁੰਨੀ ਪਾਪੀ ਆਖਣੁ ਨਾਹਿ॥**

***ਕਰਿ ਕਰਿ ਕਰਣਾ ਲਿਖਿ ਲੈ ਜਾਹੁ॥** *ਆਪੋ ਆਪਣੇ ਕਰਮ ਕਰ ਕੇ

**ਆਪੇ ਬੀਜਿ ਆਪੇ ਹੀ ਖਾਹੁ॥**

**ਨਾਨਕ ਹੁਕਮੀ *ਆਵਹੁ ਜਾਹੁ ॥੨੦॥** *ਆਣਾ-ਜਾਣਾ, ਜਨਮ-ਮਰਨ

ਹੇ ਨਾਨਕ ! 'ਪੁੰਨੀ' ਜਾਂ 'ਪਾਪੀ' ਨਿਰਾ ਕਹਿਣ ਮਾਤਰ (empty word) ਨਹੀਂ ਹੈ। ਸੱਚ-ਮੁੱਚ ਹੀ ਤੂੰ ਜਿਹੋ-ਜਿਹੇ ਕਰਮ ਕਰੇਂਗਾ ਤਿਹੋ ਜਿਹੇ ਸੰਸਕਾਰ ਆਪਣੇ ਅੰਦਰ ਉੱਕਰ (engraved) ਕੇ ਨਾਲ ਲੈ ਜਾਵੇਂਗਾ। ਜੋ ਕੁਝ ਤੂੰ ਆਪ ਬੀਜੇਂਗਾ, ਉਸ ਦਾ ਫਲ ਆਪ ਹੀ ਖਾਵੇਂਗਾ। ਆਪਣੇ ਬੀਜੇ ਅਨੁਸਾਰ ਅਕਾਲਪੁਰਖ ਦੇ ਹੁਕਮ ਵਿਚ ਜਨਮ ਮਰਨ ਦੇ ਗੇੜ ਅੰਦਰ ਪਿਆ (whirled around in cycle of births and deaths) ਰਹੇਂਗਾ। ਗੁਰੂ ਸਾਹਿਬ ਨੇ ਕਰਣੀ ਦੀ ਮਹਾਨਤਾ ਦਰਸਾਈ ਹੈ।

## (ਪਉੜੀ - ੨੧)

**ਤੀਰਥੁ ਤਪੁ ਦਇਆ ਦਤੁ ਦਾਨੁ॥**

**ਜੇ ਕੋ ਪਾਵੈ ਤਿਲ ਕਾ ਮਾਨੁ॥**

ਤੀਰਥ ਯਾਤਰਾ, ਤਪ ਕਰਨੇ (penance), ਜੀਵਾਂ 'ਤੇ ਦਇਆ (compassion) ਕਰਨੀ, ਦਿੱਤਾ ਹੋਇਆ ਦਾਨ (charity) - ਇਨ੍ਹਾਂ ਕਰਮਾਂ ਦੇ ਬਦਲੇ (in exchange) ਜੇ





ਕਿਸੇ ਨੂੰ ਕੋਈ ਵਡਿਆਈ (honour) ਮਿਲ ਵੀ ਜਾਏ, ਤਾਂ ਰਤਾ ਮਾਤਰ (as insignificant as sesame) ਹੀ ਮਿਲਦੀ ਹੈ।

**ਸੁਣਿਆ ਮੰਨਿਆ ਮਨਿ ਕੀਤਾ ਭਾਉ॥**

***ਅੰਤਰਗਤਿ ਤੀਰਥਿ ਮਲਿ** ਨਾਉ॥** *ਅੰਦਰਲੇ ਤੀਰਥ ਤੇ **ਮਲ-ਮਲ ਕੇ, ਚੰਗੀ ਤਰ੍ਹਾਂ

ਪਰ ਜਿਸ ਨੇ ਅਕਾਲਪੁਰਖ ਦੇ ਨਾਮ ਵਿਚ ਸੁਰਤ ਜੋੜੀ ਹੈ, ਜਿਸ ਦਾ ਮਨ ਨਾਮ ਵਿਚ ਪਤੀਜ ਗਿਆ ਹੈ ਅਤੇ ਜਿਸ ਨੇ ਆਪਣੇ ਮਨ ਵਿਚ ਅਕਾਲ ਪੁਰਖ ਦਾ ਪਿਆਰ ਵਸਾਇਆ ਹੈ, ਉਸ ਨੇ ਮਾਨੋ ਆਪਣੇ ਅੰਦਰਲੇ ਤੀਰਥ ਵਿਚ ਮਲ-ਮਲ ਕੇ ਇਸ਼ਨਾਨ (thoroughly bathed) ਕਰ ਲਿਆ ਹੈ। ਭਾਵ ਉਸ ਨੇ ਆਪਣੇ ਅੰਦਰ ਵੱਸ ਰਹੇ ਅਕਾਲ ਪੁਰਖ ਵਿਚ ਜੁੜ ਕੇ ਚੰਗੀ ਤਰ੍ਹਾਂ ਆਪਣੇ ਮਨ ਦੀ ਮੈਲ ਲਾਹ ਲਈ ਹੈ।

**ਸਭਿ ਗੁਣ ਤੇਰੇ ਮੈ ਨਾਹੀ ਕੋਇ॥**

**ਵਿਣੁ ਗੁਣ ਕੀਤੇ ਭਗਤਿ ਨ ਹੋਇ॥**

**ਸੁਅਸਤਿ* ਆਥਿ** ਬਾਣੀ ਬਰਮਾਉ***॥** *ਜੈ ਹੋਵੈ **ਮਾਇਆ ***ਬ੍ਰਹਮਾ

**ਸਤਿ* ਸੁਹਾਣੁ* ਸਦਾ ਮਨਿ ਚਾਉ॥** *ਸਦਾ ਥਿਰ **ਸੋਹਣਾ

ਹੇ ਅਕਾਲ ਪੁਰਖ ! ਸਾਰੇ ਗੁਣ ਤੇਰੇ ਦਿੱਤੇ ਹੋਏ ਹਨ (the virtues are yours) ਮੈਂ ਕੁਝ ਵੀ ਨਹੀਂ। ਜੇ ਤੂੰ ਮੇਰੇ ਵਿਚ ਗੁਣ ਪੈਦਾ ਨਾ ਕਰੇਂ, ਤਾਂ ਮੇਰੇ ਤੋਂ ਤੇਰੀ ਭਗਤੀ ਨਹੀਂ ਹੋ ਸਕਦੀ।

ਹੇ ਨਿਰੰਕਾਰ ! ਤੇਰੀ ਸਦਾ ਜੈ ਹੋਵੇ ! ਤੂੰ ਆਪੇ ਹੀ ਮਾਇਆ ਹੈਂ, ਆਪ ਹੀ ਬਾਣੀ ਹੈਂ, ਆਪ ਹੀ ਬ੍ਰਹਮਾ ਹੈਂ। ਤੂੰ ਸਦਾ ਥਿਰ (everlasting) ਹੈਂ, ਸੋਹਣਾ ਹੈਂ, ਤੇਰੇ ਮਨ ਵਿਚ ਸਦਾ ਅਨੰਦ ਤੇ ਉਤਸ਼ਾਹ (ever in bliss) ਹੈ।

**ਕਵਣੁ ਸੁ ਵੇਲਾ* ਵਖਤੁ** ਕਵਣੁ** *ਸਮਾਂ **ਸਮਾਂ, ਵਕਤ

**ਕਵਣਿ ਥਿਤਿ ਕਵਣੁ ਵਾਰੁ॥**

**ਕਵਣਿ ਸਿ ਰੁਤੀ ਮਾਹੁ ਕਵਣੁ**

**ਜਿਤੁ ਹੋਆ ਆਕਾਰੁ॥**

ਕਿਹੜਾ ਉਹ ਵੇਲਾ ਅਤੇ ਵਕਤ (time and moment) ਸੀ, ਕਿਹੜੀ ਤਰੀਕ (date) ਸੀ, ਕਿਹੜਾ ਦਿਨ ਸੀ, ਕਿਹੜੀ ਰੁੱਤ ਸੀ ਅਤੇ ਕਿਹੜਾ ਉਹ ਮਹੀਨਾ ਸੀ, ਜਦੋਂ ਇਹ ਸੰਸਾਰ ਬਣਿਆ ?

ਵੇਲ ਨ ਪਾਈਆ ਪੰਡਤੀ
ਜਿ* ਹੋਵੈ** ***ਲੇਖੁ ਪੁਰਾਣੁ॥ *ਨਹੀਂ ਤਾਂ **ਹੁੰਦਾ ***ਪੁਰਾਣੁ ਰੂਪ ਲੇਖ
ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ॥

ਪੰਡਤਾਂ ਨੂੰ ਵੀ ਪਤਾ ਨਾ ਲੱਗਿਆ, ਨਹੀਂ ਤਾਂ ਇਸ ਮਜ਼ਮੂਨ ਉੱਤੇ ਵੀ ਇੱਕ ਪੁਰਾਣ ਲਿਖਿਆ ਹੁੰਦਾ। ਕਾਜ਼ੀਆਂ ਨੂੰ ਵੀ ਖ਼ਬਰ ਨਾ ਲੱਗ ਸਕੀ, ਨਹੀਂ ਤਾਂ ਉਹ ਆਇਤਾਂ ਇਕੱਠੀਆਂ ਕਰ ਕੇ ਕੁਰਾਨ ਲਿਖ ਦਿੰਦੇ। ਭਾਵ ਧਾਰਮਿਕ ਮੁਖੀਆਂ ਸ੍ਰਿਸ਼ਟੀ ਦੀ ਸਾਜਨਾ ਦੇ ਦਿਨ ਬਾਰੇ ਜ਼ਰੂਰ ਹੀ ਵਿਸਥਾਰ ਨਾਲ ਲਿਖ ਦੇਣਾ ਸੀ ।

ਥਿਤਿ ਵਾਰੁ ਨਾ ਜੋਗੀ ਜਾਣੈ
ਰੁਤਿ ਮਾਹੁ ਨਾ ਕੋਈ ॥
ਜਾ ਕਰਤਾ *ਸਿਰਠੀ ਕਉ ਸਾਜੇ** *ਜਗਤ ਨੂੰ **ਪੈਦਾ
ਆਪੇ ਜਾਣੈ ਸੋਈ ॥

ਜਦੋਂ ਜਗਤ ਬਣਿਆ ਸੀ, ਤਦੋਂ ਕਿਹੜੀ ਤਰੀਕ ਸੀ, ਕਿਹੜਾ ਵਾਰ ਸੀ, ਇਹ ਗੱਲ ਕੋਈ ਜੋਗੀ ਵੀ ਨਹੀਂ ਜਾਣਦਾ, ਕੋਈ ਵੀ ਨਹੀਂ ਦੱਸ ਸਕਦਾ ਕਿ ਤਦੋਂ ਕਿਹੜੀ ਰੁੱਤ ਸੀ ਅਤੇ ਕਿਹੜਾ ਮਹੀਨਾ ਸੀ?

ਜਿਸ ਸਿਰਜਨਹਾਰ ਨੇ ਇਸ ਜਗਤ ਨੂੰ ਪੈਦਾ ਕੀਤਾ, ਉਹ ਆਪ ਹੀ ਜਾਣਦਾ ਹੈ ਕਿ ਜਗਤ ਕਦੋਂ ਰਚਿਆ ਗਿਆ?

*ਕਿਵ ਕਰਿ ਆਖਾ *ਕਿਸ ਤਰ੍ਹਾਂ ?
ਕਿਵ ਸਾਲਾਹੀ* ਕਿਉ ਵਰਨੀ ਕਿਵ ਜਾਣਾ॥ *ਵਡਿਆਈ ਕਰਾਂ
ਨਾਨਕ ਆਖਣਿ ਸਭੁ ਕੋ ਆਖੈ
ਇਕ ਦੂ ਇਕੁ ਸਿਆਣਾ॥

ਮੈਂ ਕਿਸ ਤਰ੍ਹਾਂ ਅਕਾਲਪੁਰਖ ਦੀ ਵਡਿਆਈ ਦੱਸਾਂ (tell His greatness)? ਕਿਸ ਤਰ੍ਹਾਂ ਅਕਾਲਪੁਰਖ ਦੀ ਸਿਫ਼ਤ -ਸਲਾਹ (praise Him) ਕਰਾਂ? ਕਿਸ ਤਰ੍ਹਾਂ ਅਕਾਲਪੁਰਖ ਦੀ ਵਡਿਆਈ ਵਰਣਨ ਕਰਾਂ ? ਕਿਸ ਤਰ੍ਹਾਂ ਸਮਝਾਂ? ਹੇ ਨਾਨਕ! ਹਰੇਕ ਜੀਵ ਆਪਣੇ ਆਪ ਨੂੰ ਦੂਜੇ ਨਾਲੋਂ ਸਿਆਣਾ ਸਮਝ ਕੇ ਅਕਾਲਪੁਰਖ ਦੀ ਵਡਿਆਈ ਦੱਸਣ ਦਾ ਯਤਨ ਕਰਦਾ ਹੈ, ਪਰ ਦੱਸ ਨਹੀਂ ਸਕਦਾ।





ਵਡਾ ਸਾਹਿਬੁ ਵਡੀ ਨਾਈ* *ਵਡਿਆਈ
ਕੀਤਾ ਜਾ ਕਾ ਹੋਵੈ॥
ਨਾਨਕ ਜੇ ਕੋ ਆਪੌ ਜਾਣੈ
*ਅਗੈ ਗਇਆ ਨ ਸੋਹੈ ॥੨੧॥ *ਅਕਾਲਪੁਰਖ ਦੇ ਦਰ ਤੇ ਜਾ ਕੇ

ਅਕਾਲਪੁਰਖ ਸਭ ਤੋਂ ਵੱਡਾ ਹੈ (God is the greatest), ਉਸ ਦੀ ਵਡਿਆਈ ਉੱਚੀ (His glory is the highest) ਹੈ। ਜੋ ਕੁਝ ਜਗਤ ਵਿਚ ਹੋ ਰਿਹਾ ਹੈ, ਉਸ ਦਾ ਕੀਤਾ (He is the doer) ਹੋ ਰਿਹਾ ਹੈ।

ਹੇ ਨਾਨਕ! ਜੇ ਕੋਈ ਮਨੁੱਖ ਆਪਣੀ ਅਕਲ ਦੇ ਆਸਰੇ ਪ੍ਰਭੂ ਦੀ ਵਡਿਆਈ ਦਾ ਅੰਤ ਪਾਉਣ ਦਾ ਯਤਨ ਕਰੇ, ਉਹ ਅਕਾਲਪੁਰਖ ਦੇ ਦਰ 'ਤੇ ਜਾ ਕੇ ਆਦਰ ਨਹੀਂ ਪਾਉਂਦਾ।

## (ਪਉੜੀ – ੨੨)

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ* ਓੜਕ ਭਾਲਿ ਥਕੇ *ਅਖੀਰ, ਅੰਤ
ਵੇਦ ਕਹਨਿ *ਇਕ ਵਾਤ॥ *ਇਕ-ਜ਼ਬਾਨ ਹੋ ਕੇ

ਪਾਤਾਲਾਂ (nether worlds) ਦੇ ਹੇਠ ਹੋਰ ਪਾਤਾਲ ਹਨ ਅਤੇ ਆਕਾਸ਼ਾਂ ਦੇ ਉੱਤੇ ਹੋਰ ਲੱਖਾਂ ਅਕਾਸ਼ ਹਨ। ਬੇਅੰਤ ਰਿਸ਼ੀ ਮੁਨੀ ਇਹਨਾਂ ਦੇ ਅਖ਼ੀਰਲੇ ਬੰਨਿਆ ਦੀ ਭਾਲ ਕਰਕੇ ਥੱਕ (weary) ਗਏ ਹਨ, ਪਰ ਲੱਭ ਨਹੀਂ ਸਕੇ। ਸਾਰੇ ਵੇਦ ਇਕ-ਜ਼ਬਾਨ (pronounce with one voice) ਹੋ ਕੇ ਇਹ ਗੱਲਾਂ ਆਖਦੇ ਹਨ।

ਸਹਸ* ਅਠਾਰਹ ਕਹਨਿ ਕਤੇਬਾ** *ਹਜ਼ਾਰ **ਈਸਾਈ-ਇਸਲਾਮ ਕਿਤਾਬਾਂ
ਅਸੁਲੁ* **ਇਕੁ ਧਾਤੁ॥ *ਮੁੱਢ **ਇਕ ਅਕਾਲਪੁਰਖ
ਲੇਖਾ ਹੋਇ ਤ ਲਿਖੀਐ
ਲੇਖੈ ਹੋਇ *ਵਿਣਾਸੁ॥ *ਲੇਖੇ ਦਾ ਅੰਤ

ਮੁਸਲਮਾਨ ਤੇ ਈਸਾਈ ਆਦਿਕਾਂ ਦੀਆਂ ਚਾਰੇ ਕਤੇਬਾਂ ਆਖਦੀਆਂ ਹਨ- ਕੁੱਲ ਅਠਾਰ੍ਹਾਂ ਹਜ਼ਾਰ ਆਲਮ ਹਨ, ਜਿਨ੍ਹਾਂ ਦਾ ਮੁੱਢ (origin) ਇਕ ਪ੍ਰਭੂ ਹੈ, ਪਰ ਸੱਚੀ ਗੱਲ ਤਾਂ ਇਹ ਹੈ ਕਿ ਸ਼ਬਦ 'ਹਜ਼ਾਰਾਂ' ਤੇ 'ਲੱਖਾਂ' ਵੀ ਕੁਦਰਤ ਦੀ ਗਿਣਤੀ ਵਿਚ ਵਰਤੇ ਨਹੀਂ ਜਾ ਸਕਦੇ। ਅਕਾਲਪੁਰਖ ਦੀ ਕੁਦਰਤ ਦਾ ਲੇਖਾ ਤਦੋਂ ਹੀ ਲਿਖ ਸਕੀਦਾ ਹੈ, ਜੇ ਲੇਖਾ ਹੋ ਸਕੇ।

ਇਹ ਲੇਖਾ ਤਾਂ ਹੋ ਹੀ ਨਹੀਂ ਸਕਦਾ, ਲੇਖਾ ਕਰਦਿਆਂ ਲੇਖੇ ਦਾ ਖ਼ਾਤਮਾ (account itself ends) ਹੋ ਜਾਂਦਾ ਹੈ। ਗਿਣਤੀ ਹੀ ਮੁੱਕ (accounting digits end) ਜਾਂਦੀ ਹੈ।

**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥**

ਹੇ ਨਾਨਕ! ਜਿਸ ਅਕਾਲਪੁਰਖ ਨੂੰ ਸਾਰੇ ਜਗਤ ਵਿਚ ਵੱਡਾ ਆਖਿਆ ਜਾ ਰਿਹਾ ਹੈ, ਉਹ ਆਪ ਹੀ ਆਪਣੇ ਆਪ ਨੂੰ ਜਾਣਦਾ (knows about His own self) ਹੈ।

## (ਪਉੜੀ – ੨੩)

**ਸਾਲਾਹੀ* ਸਾਲਾਹਿ** *ਸਲਾਹੁਣ ਜੋਗ ਪਰਮਾਤਮਾ
***ਏਤੀ ਸੁਰਤਿ ਨ ਪਾਈਆ॥** *ਇਤਨੀ ਸਮਝ
**ਨਦੀਆ ਅਤੈ *ਵਾਹ** *ਵਹਿਣ, ਨਾਲੇ
**ਪਵਹਿ ਸਮੁੰਦਿ ਨ ਜਾਣੀਅਹਿ॥**

ਸਲਾਹੁਣ ਜੋਗ (praise-worthy) ਅਕਾਲਪੁਰਖ ਦੀਆਂ ਵਡਿਆਈਆਂ ਆਖ – ਆਖ (praising) ਕੇ ਕਿਸੇ ਮਨੁੱਖ ਨੇ ਇਤਨੀ ਸਮਝ ਨਹੀਂ ਪਾਈ ਕਿ ਰੱਬੀ ਪਸਾਰੇ ਦਾ ਭੇਦ ਪਾ ਸਕੇ। ਰੱਬੀ ਬੰਦੇ ਤਾਂ ਅਕਾਲਪੁਰਖ ਦੇ ਵਿਚ ਹੀ ਲੀਨ (merged in Him) ਹੋ ਜਾਂਦੇ ਹਨ ਜਿਵੇਂ ਨਦੀਆਂ ਅਤੇ ਨਾਲੇ ਸਮੁੰਦਰ ਵਿਚ ਪੈਂਦੇ ਹਨ, ਫਿਰ ਵੱਖਰੇ ਪਛਾਣੇ ਨਹੀਂ (cannot be identified separately) ਜਾ ਸਕਦੇ।

***ਸਮੁੰਦ ਸਾਹ ਸੁਲਤਾਨ** *ਸਮੁੰਦਰ ਦੇ ਪਾਤਸ਼ਾਹ
***ਗਿਰਹਾ ਸੇਤੀ ਮਾਲੁ ਧਨੁ॥** *ਪਹਾੜਾਂ ਵਰਗੇ
**ਕੀੜੀ ਤੁਲਿ* ਨ ਹੋਵਨੀ** *ਬਰਾਬਰ
**ਜੇ ਤਿਸੁ ਮਨਹੁ ਨ ਵੀਸਰਹਿ॥**

ਸਮੁੰਦਰਾਂ ਦੇ ਪਾਤਸ਼ਾਹ ਅਤੇ ਸੁਲਤਾਨ (Kings of oceans and emperors), ਜਿਨ੍ਹਾਂ ਦੇ ਖਜ਼ਾਨਿਆਂ ਵਿਚ ਪਹਾੜਾਂ ਜਿੰਨੇ ਧਨ ਪਦਾਰਥਾਂ ਦੇ ਢੇਰ (possessing mountains of property and wealth) ਹੋਣ, ਪ੍ਰਭੂ ਦੀ ਸਿਫਤ ਸਲਾਹ ਕਰਨ ਵਾਲੇ ਦੀਆਂ ਨਜ਼ਰਾਂ ਵਿਚ ਇਕ ਕੀੜੀ ਦੇ ਬਰਾਬਰ ਵੀ ਨਹੀਂ ਹੁੰਦੇ, ਜੇ ਹੇ ਅਕਾਲਪੁਰਖ! ਤੂੰ ਉਸ ਕੀੜੀ ਦੇ ਮਨ ਵਿਚੋਂ ਵਿਸਰ ਨਾ ਜਾਏਂ (ਭਾਵ ਰੱਬੀ ਯਾਦ ਵਿਚ ਭਿੱਜੀ ਕੀੜੀ ਉਨ੍ਹਾਂ ਸੁਲਤਾਨਾਂ ਤੇ ਸ਼ਾਹਾਂ ਨਾਲੋਂ ਚੰਗੀ ਹੈ, ਜਿਨ੍ਹਾਂ ਦੇ ਮਨ ਵਿਚ ਰੱਬੀ ਪਿਆਰ ਨਹੀਂ)।





## (ਪਉੜੀ – ੨੪)

**ਅੰਤੁ ਨ ਸਿਫਤੀ ਕਹਣਿ ਨ ਅੰਤੁ॥**
**ਅੰਤੁ ਨ ਕਰਣੈ ਦੇਣਿ ਨ ਅੰਤੁ॥**
**ਅੰਤੁ ਨ ਵੇਖਣਿ ਸੁਣਣਿ ਨ ਅੰਤੁ॥**
**ਅੰਤੁ ਨ ਜਾਪੈ ਕਿਆ ਮਨਿ ਮੰਤੁ*॥** *ਵਿਚਾਰ

ਅਕਾਲਪੁਰਖ ਦੇ ਗੁਣਾਂ ਦਾ ਕੋਈ ਹੱਦ ਬੰਨਾ ਨਹੀਂ (no limit) ਹੈ, ਗਿਣਨ ਨਾਲ ਵੀ ਗੁਣਾਂ ਦਾ ਅੰਤ ਨਹੀਂ ਪੈ ਸਕਦਾ ਭਾਵ ਗਿਣੇ ਨਹੀਂ ਜਾ ਸਕਦੇ। ਅਕਾਲਪੁਰਖ ਦੀ ਰਚਨਾ ਤੇ ਦਾਤਾਂ ਦਾ ਅੰਤ ਕੋਈ ਨਹੀਂ ਪਾ ਸਕਦਾ। ਵੇਖਣ ਤੇ ਸੁਣਨ ਨਾਲ ਵੀ ਉਸ ਦੇ ਗੁਣਾਂ ਦਾ ਪਾਰ ਨਹੀਂ ਪਾ ਸਕੀਦਾ। ਅਕਾਲਪੁਰਖ ਦੇ ਮਨ ਵਿਚ ਕੀ ਵਿਚਾਰ ਹੈ- ਇਸ ਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ।

**ਅੰਤੁ ਨ ਜਾਪੈ ਕੀਤਾ ਆਕਾਰੁ॥**
**ਅੰਤੁ ਨ ਜਾਪੈ ਪਾਰਾਵਾਰੁ*॥** *ਪਰਲਾ ਤੇ ਉਰਲਾ ਬੰਨਾ

ਅਕਾਲਪੁਰਖ ਨੇ ਇਹ ਜਗਤ, ਜੋ ਦਿੱਸ ਰਿਹਾ ਹੈ, ਇਸ ਨੂੰ ਸਾਜਿਆ ਤੇ ਘੜਿਆ ਹੈ, ਪਰ ਇਸਦਾ ਅਖ਼ੀਰ, ਉਰਲਾ ਤੇ ਪਰਲਾ ਬੰਨਾ ਕੋਈ ਨਹੀਂ ਦਿਸਦਾ (nearer and farther limit is not visible)।

***ਅੰਤ ਕਾਰਣਿ ਕੇਤੇ ਬਿਲਲਾਹਿ॥** *ਹੱਦ-ਬੰਨਾ ਲੱਭਣ ਲਈ
**ਤਾ ਕੇ ਅੰਤ ਨ ਪਾਏ ਜਾਹਿ॥**

ਕਈ ਮਨੁੱਖ ਅਕਾਲਪੁਰਖ ਦੀ ਸੀਮਾ (limits) ਲੱਭਣ ਲਈ ਤਰਲੇ (yearn) ਲੈ ਰਹੇ ਹਨ, ਪਰ ਉਸਦੇ ਹੱਦ ਬੰਨੇ (limits) ਲੱਭੇ ਨਹੀਂ ਜਾ ਸਕਦੇ। (ਅੱਜ ਦੇ ਵਿਗਿਆਨਕ ਯੁੱਗ ਵਿਚ ਵੀ ਵਿਗਿਆਨੀਆਂ ਨੇ ਇਹੋ ਸਿੱਟਾ ਕੱਢਿਆ ਹੈ ਕਿ ਇਸ ਸ੍ਰਿਸ਼ਟੀ ਦੇ, ਪੁਲਾੜ ਦੇ ਪਸਾਰੇ ਦਾ ਕੋਈ ਅਨੁਮਾਨ ਨਹੀਂ ਲੱਗ ਸਕਦਾ)।

**ਏਹੁ ਅੰਤੁ ਨ ਜਾਣੈ ਕੋਇ॥**
**ਬਹੁਤਾ ਕਹੀਐ ਬਹੁਤਾ ਹੋਇ॥**

ਅਕਾਲਪੁਰਖ ਦੇ ਗੁਣਾਂ ਦਾ ਅੰਤ, ਜਿਸ ਦਾ ਬੇਅੰਤ ਜੀਵ ਭਾਲ ਕਰ ਰਹੇ ਹਨ, ਕੋਈ ਮਨੁੱਖ ਨਹੀਂ ਪਾ ਸਕਦਾ। ਜਿਉਂ-ਜਿਉਂ ਇਹ ਗੱਲ ਆਖੀ ਜਾਏ ਕਿ ਉਹ ਵੱਡਾ ਹੈ, ਤਿਉਂ ਤਿਉਂ ਉਹ ਹੋਰ ਵੱਡਾ, ਹੋਰ ਵੱਡਾ ਪਰਤੀਤ ਹੋਣ ਲੱਗ ਪੈਂਦਾ ਹੈ।

**ਵਡਾ ਸਾਹਿਬੁ ਊਚਾ ਥਾਉ*॥** *ਅਕਾਲਪੁਰਖ ਦਾ ਟਿਕਾਣਾ

**ਊਚੇ ਉਪਰਿ ਊਚਾ ਨਾਉ*॥** *ਨਾਮਣਾ, ਵਡਿਆਈ

**ਏਵਡੁ ਊਚਾ ਹੋਵੈ ਕੋਇ॥**

**ਤਿਸੁ ਊਚੇ ਕਉ ਜਾਣੈ ਸੋਇ॥**

ਅਕਾਲਪੁਰਖ ਵੱਡਾ ਹੈ, ਉਸ ਦਾ ਟਿਕਾਣਾ ਉੱਚਾ ਹੈ (His seat is high), ਉਸ ਦਾ ਨਾਮਣਾ ਵੀ ਉੱਚਾ ਹੈ। ਜੇ ਕੋਈ ਹੋਰ ਉਸ ਜਿੰਨਾ ਵੱਡਾ (as exalted as He is) ਹੋਵੇ, ਉਹ ਹੀ ਉਸ ਉਚੇ ਅਕਾਲਪੁਰਖ ਨੂੰ ਸਮਝ ਸਕਦਾ ਹੈ ਕਿ ਉਹ ਕਿੰਨਾਂ ਵੱਡਾ ਹੈ।

**ਜੇਵਡੁ* ਆਪਿ ਜਾਣੈ **ਆਪਿ ਆਪਿ॥** *ਜਿਹਾ ਵੱਡਾ **ਕੇਵਲ ਆਪ ਹੀ

**ਨਾਨਕ ਨਦਰੀ ਕਰਮੀ ਦਾਤਿ॥੨੪॥**

ਅਕਾਲਪੁਰਖ ਆਪ ਹੀ ਜਾਣਦਾ ਹੈ ਕਿ ਉਹ ਆਪ ਕਿੰਨ੍ਹਾਂ ਵੱਡਾ ਹੈ। ਹੇ ਨਾਨਕ! ਹਰੇਕ ਦਾਤ ਮਿਹਰ ਦੀ ਨਜ਼ਰ ਕਰਨ ਵਾਲੇ ਅਕਾਲਪੁਰਖ (merciful God) ਦੀ ਬਖ਼ਸ਼ਿਸ (showers gifts) ਨਾਲ ਮਿਲਦੀ ਹੈ ਤੇ ਇਸ ਸੱਚ ਦੀ ਸੋਝੀ ਹੁੰਦੀ ਹੈ ਕਿ ਉਹ ਪ੍ਰਮਾਤਮਾ ਆਪਣੇ ਆਪ ਨੂੰ ਆਪ ਹੀ ਜਾਣਦਾ ਹੈ ਕਿਉਂਕਿ ਉਹ ਬਹੁਤ ਉੱਚਾ, ਵੱਡਾ ਤੇ ਬੇਅੰਤ ਹੈ।

## (ਪਉੜੀ – ੨੫)

**ਬਹੁਤਾ ਕਰਮੁ* ਲਿਖਿਆ ਨਾ ਜਾਇ॥** *ਬਖ਼ਸ਼ਿਸ਼

**ਵਡਾ ਦਾਤਾ ਤਿਲੁ ਨ ਤਮਾਇ*॥** *ਲਾਲਚ, ਤ੍ਰਿਸ਼ਨਾ

ਉਸ ਦੀ ਬਖ਼ਸ਼ਿਸ਼ ਏਨੀ ਵੱਡੀ ਹੈ ਕਿ ਲਿੱਖੀ ਨਹੀਂ (so grand that it cannot be written) ਕੀਤੀ ਜਾ ਸਕਦੀ। ਅਕਾਲਪੁਰਖ ਬੜੀਆਂ ਦਾਤਾਂ (bounties) ਦੇਣ ਵਾਲਾ ਹੈ, ਉਸ ਨੂੰ ਰਤਾ ਭਰ ਵੀ ਲਾਲਚ ਨਹੀਂ (no greed)।

**ਕੇਤੇ ਮੰਗਹਿ ਜੋਧ ਅਪਾਰ॥**

**ਕੇਤਿਆ ਗਣਤ ਨਹੀ ਵੀਚਾਰੁ॥**

**ਕੇਤੇ *ਖਪਿ ਤੁਟਹਿ ਵੇਕਾਰ**॥** *ਖਪ-ਖਪ ਕੇ ਨਾਸ **ਵਿਕਾਰਾਂ ਵਿਚ

ਬੇਅੰਤ ਸੂਰਮੇ (countless warriors) ਅਤੇ ਕਈ ਹੋਰ ਅਜਿਹੇ, ਜਿਨ੍ਹਾਂ ਦੀ ਗਿਣਤੀ 'ਤੇ ਵੀਚਾਰ ਨਹੀਂ ਹੋ ਸਕਦੀ, ਅਕਾਲਪੁਰਖ ਦੇ ਦਰ ਤੇ ਮੰਗ ਰਹੇ ਹਨ। ਕਈ ਜੀਵ





ਉਸ ਦੀਆਂ ਦਾਤਾਂ ਵਰਤ ਕੇ ਵਿਕਾਰਾਂ (wickedness) ਵਿਚ ਹੀ ਖਪ-ਖਪ ਕੇ ਨਾਸ਼ (fade away) ਹੋ ਰਹੇ ਹਨ।

**ਕੇਤੇ ਲੈ ਲੈ *ਮੁਕਰੁ ਪਾਹਿ॥** *ਮੁੱਕਰ ਜਾਣਾ

**ਕੇਤੇ ਮੂਰਖ *ਖਾਹੀ ਖਾਹਿ॥** *ਖਾਈ ਜਾਂਦੇ ਹਨ

ਬੇਅੰਤ ਜੀਵ ਅਕਾਲਪੁਰਖ ਦੇ ਦਰ ਤੋਂ ਪਦਾਰਥ ਪਰਾਪਤ ਕਰਕੇ ਮੁੱਕਰ (deny) ਪੈਂਦੇ ਹਨ। ਅਨੇਕ ਮੂਰਖ ਪਦਾਰਥ ਲੈ-ਲੈ ਕੇ ਖਾਈ ਜਾਂਦੇ ਹਨ,ਪਰ ਦਾਤਾਰ (Bestower) ਨੂੰ ਚੇਤੇ ਨਹੀਂ ਰੱਖਦੇ।

**ਕੇਤਿਆ ਦੂਖ ਭੂਖ ਸਦ ਮਾਰ॥**

**ਏਹਿ ਭਿ ਦਾਤਿ ਤੇਰੀ ਦਾਤਾਰ॥**

ਅਨੇਕਾਂ ਜੀਵਾਂ ਨੂੰ ਸਦਾ ਮਾਰ, ਕਲੇਸ਼ ਤੇ ਭੁੱਖ ਹੀ ਭਾਗਾਂ ਵਿਚ ਮਿਲਦੇ ਹਨ, ਪਰ ਹੇ ਦੇਣਹਾਰ ਅਕਾਲਪੁਰਖ! ਇਹ ਵੀ ਤੇਰੀ ਬਖ਼ਸ਼ਿਸ਼ ਹੀ ਹੈ ਕਿਉਂਕਿ ਇਹਨਾਂ ਦੁੱਖਾਂ ਕਲੇਸ਼ਾਂ ਦੇ ਕਾਰਨ ਹੀ ਮਨੁੱਖ ਨੂੰ ਰਜ਼ਾ ਵਿਚ ਤੁਰਨ ਦੀ ਸਮਝ ਪੈਂਦੀ ਹੈ।

**ਬੰਦਿ* ਖਲਾਸੀ** ਭਾਣੈ ਹੋਇ॥** *ਬੰਧਨ ਤੋਂ **ਮੁਕਤੀ, ਛੁਟਕਾਰਾ

**ਹੋਰੁ ਆਖਿ ਨ ਸਕੈ ਕੋਇ॥**

ਮਾਇਆ ਦੇ ਮੋਹ-ਰੂਪੀ ਬੰਧਨ (bondage) ਤੋਂ ਛੁਟਕਾਰਾ, ਪ੍ਰਭੂ ਦੀ ਰਜ਼ਾ ਵਿਚ ਤੁਰਨ ਨਾਲ ਹੀ ਹੋ ਸਕਦਾ ਹੈ। ਰਜ਼ਾ ਤੋਂ ਬਿਨ੍ਹਾਂ ਮਨੁੱਖ ਕੋਈ ਹੋਰ ਤਰੀਕਾ ਨਹੀਂ ਦੱਸ ਸਕਦਾ।

**ਜੇ ਕੋ ਖਾਇਕੁ* **ਆਖਣਿ ਪਾਇ॥** *ਕੱਚਾ ਮਨੁੱਖ, ਮੂਰਖ **ਆਖਣ ਦਾ ਯਤਨ ਕਰੇ

**ਓਹੁ ਜਾਣੈ ਜੇਤੀਆ ਮੁਹਿ ਖਾਇ॥**

ਪਰ ਜੇ ਕੋਈ ਮੂਰਖ ਛੁਟਕਾਰੇ ਦਾ ਕੋਈ ਹੋਰ ਵਸੀਲਾ ਦੱਸਣ ਦਾ ਯਤਨ ਕਰੇ, ਤਾਂ ਉਹੀ ਜਾਣਦਾ ਹੈ ਜਿਤਨੀਆਂ ਚੋਟਾਂ ਉਹ ਇਸ ਮੂਰਖਤਾ ਕਾਰਨ ਆਪਣੇ ਮੂੰਹ (lashes he receives on his face) ਤੇ ਖਾਂਦਾ ਹੈ। ਭਾਵ ਇਕੋ ਹੀ ਤਰੀਕਾ ਹੈ ਮਨੁੱਖ ਰਜ਼ਾ ਵਿਚ ਤੁਰੇ।

**ਆਪੇ ਜਾਣੈ ਆਪੇ ਦੇਇ॥**

**ਆਖਹਿ *ਸਿ ਭਿ **ਕੇਈ ਕੇਇ॥** *ਇਹ ਗੱਲ ਭੀ **ਕਈ ਮਨੁੱਖ

ਸਾਰੇ ਨਾਸ਼ੁਕਰੇ ਹੀ ਨਹੀਂ ਹਨ। ਅਨੇਕ ਮਨੁੱਖ ਇਹ ਗੱਲ ਵੀ ਆਖਦੇ ਹਨ ਕਿ ਅਕਾਲਪੁਰਖ ਆਪ ਹੀ ਜੀਵਾਂ ਦੀਆਂ ਲੋੜਾਂ ਜਾਣਦਾ ਹੈ ਅਤੇ ਆਪ ਹੀ ਦਾਤਾਂ (Himself knows, Himself bestows the gifts) ਦੇਂਦਾ ਹੈ।

**ਜਿਸ ਨੋ ਬਖਸੇ ਸਿਫਤਿ ਸਾਲਾਹ॥**

**ਨਾਨਕ *ਪਾਤਿਸਾਹੀ ਪਾਤਿਸਾਹੁ॥** *ਰਾਜਿਆਂ ਦਾ ਰਾਜਾ

ਹੇ ਨਾਨਕ! ਜਿਸ ਨੂੰ ਅਕਾਲਪੁਰਖ ਆਪਣੀ ਸਿਫ਼ਤ-ਸਾਲਾਹ ਬਖ਼ਸ਼ਦਾ ਹੈ, ਉਹ ਪਾਤਸ਼ਾਹਾਂ ਦਾ ਪਾਤਸ਼ਾਹ (king of kings) ਬਣ ਜਾਂਦਾ ਹੈ। ਸਿਫ਼ਤ ਸਲਾਹ ਹੀ ਸਭ ਤੋਂ ਉੱਚੀ ਦਾਤ (singing of His praises is the highest gift) ਹੈ।

## (ਪਉੜੀ – ੨੬)

**ਅਮੁਲ* ਗੁਣ ਅਮੁਲ ਵਾਪਾਰ॥** *ਮੁੱਲ ਨਾ ਪੈ ਸਕੇ

**ਅਮੁਲ ਵਾਪਾਰੀਏ* ਅਮੁਲ ਭੰਡਾਰ॥** *ਵਾਪਾਰ ਕਰਨ ਵਾਲੇ

**ਅਮੁਲ ਆਵਹਿ ਅਮੁਲ ਲੈ ਜਾਹਿ॥**

**ਅਮੁਲ ਭਾਇ* ਅਮੁਲਾ ਸਮਾਹਿ**॥** *ਪ੍ਰੇਮ ਵਿਚ **ਲੀਨ ਹਨ

ਅਕਾਲਪੁਰਖ ਦੇ ਗੁਣਾਂ ਦਾ ਕੋਈ ਮੁੱਲ ਨਹੀਂ (priceless) ਪੈ ਸਕਦਾ। ਇਹਨਾਂ ਗੁਣਾਂ ਦੇ ਵਪਾਰ ਕਰਨੇ ਵੀ ਅਮੋਲਕ ਹਨ। ਉਹਨਾਂ ਮਨੁੱਖਾਂ ਦਾ ਵੀ ਮੁੱਲ ਨਹੀਂ ਪੈ ਸਕਦਾ ਜੋ ਅਕਾਲਪੁਰਖ ਦੇ ਗੁਣਾਂ ਦੇ ਵਪਾਰ ਕਰਦੇ ਹਨ, ਜੋ ਰੱਬੀ ਗੁਣਾਂ ਦੇ ਵਾਪਾਰ ਲਈ ਜਗਤ ਵਿਚ ਆਉਂਦੇ ਹਨ। ਉਹ ਹੀ ਵੱਡੇ ਭਾਗਾਂ ਵਾਲੇ ਹਨ ਜੋ ਰੱਬੀ ਗੁਣਾਂ ਰੂਪੀ ਸੌਦਾ ਖਰੀਦ ਕੇ ਇਸ ਸੰਸਾਰ ਤੋਂ ਲੈ ਜਾਂਦੇ ਹਨ। ਜੋ ਅਕਾਲਪੁਰਖ ਦੇ ਪ੍ਰੇਮ ਵਿਚ ਰੱਤੇ ਹਨ, ਅਕਾਲਪੁਰਖ ਵਿਚ ਲੀਨ ਹੋਏ ਹਨ, ਉਹ ਅਮੋਲਕ ਹਨ।

**ਅਮੁਲੁ ਧਰਮੁ ਅਮੁਲੁ ਦੀਬਾਣੁ*॥** *ਰਾਜ-ਦਰਬਾਰ

**ਅਮੁਲੁ ਤੁਲੁ* ਅਮੁਲੁ ਪਰਵਾਣੁ**॥** *ਤੋਲ **ਤੋਲਣ ਵਾਲਾ ਵੱਟਾ

**ਅਮੁਲੁ ਬਖਸੀਸ ਅਮੁਲੁ ਨੀਸਾਣੁ*॥** *ਬਖ਼ਸ਼ਿਸ਼

**ਅਮੁਲੁ ਕਰਮੁ ਅਮੁਲੁ ਫੁਰਮਾਣੁ॥**

ਅਕਾਲਪੁਰਖ ਦੇ ਕਾਨੂੰਨ ਤੇ ਰਾਜ ਦਰਬਾਰ ਅਮੋਲਕ ਹਨ, ਉਹ ਤੱਕੜੀ (scale) ਤੇ ਉਹ ਵੱਟਾ (weights) ਅਮੋਲਕ ਹੈ ਜਿਸ ਨਾਲ ਅਕਾਲਪੁਰਖ ਜੀਵਾਂ ਦੇ ਚੰਗੇ ਮੰਦੇ ਕੰਮਾਂ ਨੂੰ ਤੋਲਦਾ ਹੈ। ਉਸ ਦੀ ਬਖ਼ਸ਼ਿਸ਼ ਤੇ ਬਖ਼ਸ਼ਿਸ਼ ਦੇ ਨਿਸ਼ਾਨ (marks of approval) ਵੀ ਅਮੋਲਕ ਹਨ। ਅਕਾਲਪੁਰਖ ਦੀ ਬਖ਼ਸ਼ਿਸ਼ ਤੇ ਹੁਕਮ ਵੀ ਮੁੱਲ ਤੋਂ ਪਰ੍ਹੇ ਹਨ। ਕੋਈ ਵੀ ਇਸ ਦਾ ਅੰਦਾਜ਼ਾ ਨਹੀਂ ਲਗਾ ਸਕਦਾ।





***ਅਮੁਲੋ ਅਮੁਲੁ ਆਖਿਆ ਨ ਜਾਇ॥** *ਅੰਦਾਜ਼ਿਆਂ ਤੋਂ ਪਰੇ

**ਆਖਿ ਆਖਿ ਰਹੇ *ਲਿਵ ਲਾਇ॥** *ਧਿਆਨ ਜੋੜ ਕੇ

ਅਕਾਲਪੁਰਖ ਸਭ ਅੰਦਾਜ਼ਿਆਂ ਤੋਂ ਪਰ੍ਹੇ ਹੈ, ਉਸ ਦਾ ਕੋਈ ਅੰਦਾਜ਼ਾ ਨਹੀਂ (none can assess value of God) ਲਗਾ ਸਕਦਾ। ਜੋ ਧਿਆਨ ਜੋੜ-ਜੋੜ ਕੇ ਅਕਾਲਪੁਰਖ ਦਾ ਅੰਦਾਜ਼ਾ ਲਾਉਂਦੇ ਹਨ, ਉਹ ਅੰਤ ਨੂੰ ਰਹਿ (lost at last) ਜਾਂਦੇ ਹਨ।

**ਆਖਹਿ ਵੇਦ ਪਾਠ ਪੁਰਾਣ॥**

**ਆਖਹਿ ਪੜੇ ਕਰਹਿ ਵਖਿਆਣ॥**

**ਆਖਹਿ ਬਰਮੇ* ਆਖਹਿ ਇੰਦ**॥** *ਕਈ ਬ੍ਰਹਮਾ **ਇੰਦਰ ਦੇਵਤੇ

**ਆਖਹਿ ਗੋਪੀ ਤੈ* ਗੋਵਿੰਦ॥** *ਅਤੇ, ਤੇ

ਵੇਦਾਂ ਦੇ ਮੰਤਰ ਤੇ ਪੁਰਾਣ ਅਕਾਲਪੁਰਖ ਦਾ ਅੰਦਾਜ਼ਾ ਲਾਂਦੇ ਹਨ। ਵਿਦਵਾਨ ਵੀ ਜੋ ਹੋਰਾਂ ਨੂੰ ਉਪਦੇਸ਼ ਕਰਦੇ ਹਨ, ਅਕਾਲਪੁਰਖ ਦਾ ਬਿਆਨ ਕਰਦੇ ਹਨ। ਕਈ ਬ੍ਰਹਮਾ, ਕਈ ਇੰਦਰ, ਗੋਪੀਆਂ ਤੇ ਕਈ ਕਾਨ੍ਹ, ਅਕਾਲਪੁਰਖ ਦਾ ਅੰਦਾਜਾ ਲਾਂਦੇ ਹਨ।

**ਆਖਹਿ ਈਸਰ* ਆਖਹਿ ਸਿਧ॥** *ਸ਼ਿਵ

**ਆਖਹਿ ਕੇਤੇ ਕੀਤੇ ਬੁਧ*॥** *ਮਹਾਤਮਾ ਬੁੱਧ

**ਆਖਹਿ ਦਾਨਵ* ਆਖਹਿ ਦੇਵ॥** *ਰਾਖਸ਼, ਦੈਂਤ

**ਆਖਹਿ ਸੁਰਿ ਨਰ ਮੁਨਿ ਜਨ ਸੇਵ॥**

ਕਈ ਸ਼ਿਵ ਤੇ ਸਿੱਧ, ਪ੍ਰਭੂ ਦੇ ਪੈਦਾ ਕੀਤੇ ਹੋਏ ਬੇਅੰਤ ਬੁੱਧ, ਰਾਖਸ਼ (demons) ਤੇ ਦੇਵਤੇ, ਦੇਵਤਾ-ਸੁਭਾਉ ਮਨੁੱਖ, ਮੁਨੀ ਤੇ ਸੇਵਕ ਪ੍ਰਭੂ ਦਾ ਅੰਦਾਜਾ ਲਾਂਦੇ ਹਨ।

**ਕੇਤੇ ਆਖਹਿ ਆਖਣਿ ਪਾਹਿ॥**

**ਕੇਤੇ ਕਹਿ ਕਹਿ ਉਠਿ ਉਠਿ ਜਾਹਿ॥**

**ਏਤੇ ਕੀਤੇ ਹੋਰਿ ਕਰੇਹਿ॥**

**ਤਾ ਆਖਿ ਨ ਸਕਹਿ ਕੇਈ ਕੇਇ॥**

ਬੇਅੰਤ ਜੀਵ ਪ੍ਰਭੂ ਦਾ ਅੰਦਾਜ਼ਾ ਲਾ ਰਹੇ ਹਨ, ਬੇਅੰਤ ਹੀ ਲਾਉਣ ਦਾ ਯਤਨ ਕਰ ਰਹੇ ਹਨ ਤੇ ਬੇਅੰਤ ਜੀਵ ਅੰਦਾਜ਼ਾ ਲਾ-ਲਾ ਕੇ ਇਸ ਜਗਤ ਤੋਂ ਤੁਰੇ ਜਾ ਰਹੇ ਹਨ। ਜਗਤ ਵਿਚ ਇਤਨੇ ਬੇਅੰਤ ਜੀਵ ਪੈਦਾ ਹੋਏ ਹਨ, ਜੋ ਬਿਆਨ ਕਰ ਰਹੇ ਹਨ, ਪਰ ਹੇ ਹਰੀ! ਜੇ ਤੂੰ ਹੋਰ ਵੀ ਬੇਅੰਤ ਜੀਵ ਪੈਦਾ ਕਰ ਦੇਵੇਂ, ਤਾਂ ਵੀ ਕੋਈ ਜੀਵ ਤੇਰਾ ਅੰਦਾਜ਼ਾ ਨਹੀਂ ਲਾ ਸਕਦਾ।

**ਜੇਵਡੁ ਭਾਵੈ ਤੇਵਡੁ ਹੋਇ॥**
**ਨਾਨਕ ਜਾਣੈ *ਸਾਚਾ ਸੋਇ॥** *ਸਦਾ ਥਿਰ ਰਹਿਣ ਵਾਲਾ
**ਜੇ ਕੋ ਆਖੈ *ਬੋਲੁ ਵਿਗਾੜੁ॥** *ਬੜਬੋਲਾ
**ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥**

ਹੇ ਨਾਨਕ! ਪਰਮਾਤਮਾ ਜਿੰਨਾ ਚਾਹੁੰਦਾ ਹੈ, ਓਨਾ ਹੀ ਵੱਡਾ ਹੋ ਜਾਂਦਾ ਹੈ (God becomes as great as He likes)। ਅਕਾਲਪੁਰਖ ਜਦੋਂ ਚਾਹੇ ਆਪਣੀ ਕੁਦਰਤ ਵਧਾ ਲੈਂਦਾ ਹੈ। ਉਹ ਸਦਾ ਥਿਰ ਰਹਿਣ ਵਾਲਾ ਹਰੀ ਆਪ ਹੀ ਜਾਣਦਾ ਹੈ ਕਿ ਉਹ ਕਿੰਨਾਂ ਵੱਡਾ ਹੈ, ਜੇ ਕੋਈ ਬੜਬੋਲਾ (prater) ਮਨੁੱਖ ਦੱਸਣ ਲੱਗੇ ਕਿ ਅਕਾਲਪੁਰਖ ਏਨਾ ਵੱਡਾ ਹੈ, ਤਾਂ ਉਹ ਮਨੁੱਖ ਮੂਰਖਾਂ ਸਿਰ ਮੂਰਖ (greatest fool of all fools) ਗਿਣਿਆ ਜਾਂਦਾ ਹੈ।

## (ਪਉੜੀ – ੨੭)

**ਸੋ ਦਰੁ ਕੇਹਾ ਸੋ ਘਰੁ ਕੇਹਾ**
**ਜਿਤੁ ਬਹਿ ਸਰਬ ਸਮਾਲੇ॥**
**ਵਾਜੇ ਨਾਦ* ਅਨੇਕ ਅਸੰਖਾ** *ਆਵਾਜ਼, ਸ਼ਬਦ, ਰਾਗ
**ਕੇਤੇ ਵਾਵਣਹਾਰੇ*॥** *ਵਜਾਉਣ ਵਾਲੇ
**ਕੇਤੇ ਰਾਗ ਪਰੀ* ਸਿਉ** ਕਹੀਅਨਿ** *ਰਾਗਣੀ **ਸਮੇਤ, ਸਣੇ
**ਕੇਤੇ ਗਾਵਣ ਹਾਰੇ॥**

ਉਹ ਦਰ-ਘਰ (gate-mansion) ਕਿੰਨਾ ਹੀ ਅਸਚਰਜ ਹੈ, ਜਿਥੇ ਬਹਿ ਕੇ ਹੇ ਨਿਰੰਕਾਰ! ਤੂੰ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈਂ। ਤੇਰੀ ਇਸ ਰਚੀ ਹੋਈ ਕੁਦਰਤ ਵਿਚ ਅਣਗਿਣਤ ਵਾਜੇ (innumerable musical instruments) ਤੇ ਰਾਗ ਹਨ, ਬੇਅੰਤ ਹੀ ਜੀਵ ਉਹਨਾਂ ਵਾਜਿਆਂ ਨੂੰ ਵਜਾਉਣ ਵਾਲੇ ਹਨ, ਰਾਗਣੀਆਂ ਸਣੇ ਬੇਅੰਤ ਹੀ ਰਾਗ ਕਹੇ ਜਾਂਦੇ ਹਨ ਅਤੇ ਅਨੇਕਾਂ ਹੀ ਜੀਵ ਇਹਨਾਂ ਰਾਗਾਂ ਦੇ ਗਾਉਣ ਵਾਲੇ ਹਨ, ਜੋ ਤੈਨੂੰ ਗਾ ਰਹੇ ਹਨ।

**ਗਾਵਹਿ ਤੁਹਨੋ ਪਉਣੁ ਪਾਣੀ *ਬੈਸੰਤਰੁ** *ਅੱਗ
**ਗਾਵੈ ਰਾਜਾ ਧਰਮੁ ਦੁਆਰੇ॥**
**ਗਾਵਹਿ *ਚਿਤੁ ਗੁਪਤੁ ਲਿਖਿ ਜਾਣਹਿ** *ਕਰਮਾਂ ਦਾ ਲੇਖਾ ਲਿਖਣ ਵਾਲੇ
**ਲਿਖਿ ਲਿਖਿ ਧਰਮੁ ਵੀਚਾਰੇ॥**





ਹੇ ਨਿਰੰਕਾਰ! ਪਉਣ, ਪਾਣੀ, ਅਗਨੀ ਤੇਰੇ ਗੁਣ ਗਾ ਰਹੇ ਹਨ। ਧਰਮ-ਰਾਜ ਤੇਰੇ ਦਰ ਤੇ ਤੇਰੇ ਗੁਣ ਗਾ ਰਿਹਾ ਹੈ। ਚਿਤਰਗੁਪਤ ਜੋ ਜੀਵਾਂ ਦੇ ਚੰਗੇ-ਮੰਦੇ ਕਰਮਾਂ ਦੇ ਲੇਖੇ ਲਿਖਦਾ ਹੈ ਅਤੇ ਜਿਨ੍ਹਾਂ ਦੇ ਲਿਖੇ ਹੋਏ ਨੂੰ ਧਰਮ ਰਾਜ ਵਿਚਾਰਦਾ ਹੈ, ਤੇਰੀਆਂ ਵਡਿਆਈਆਂ (singing your praises) ਕਰ ਰਹੇ ਹਨ।

**ਗਾਵਹਿ ਈਸਰੁ ਬਰਮਾ ਦੇਵੀ**
**ਸੋਹਨਿ ਸਦਾ ਸਵਾਰੇ॥**
**ਗਾਵਹਿ ਇੰਦ ਇਦਾਸਣਿ*** *ਇੰਦਰ ਦੇ ਆਸਣ ਉਤੇ
**ਬੈਠੇ ਦੇਵਤਿਆ ਦਰਿ ਨਾਲੇ॥**

ਹੇ ਅਕਾਲਪੁਰਖ! ਦੇਵੀਆਂ, ਸ਼ਿਵ ਤੇ ਬ੍ਰਹਮਾ ਜੋ ਤੇਰੇ ਸਵਾਰੇ (adorned by You) ਹੋਏ ਹਨ, ਤੈਨੂੰ ਗਾ ਰਹੇ ਹਨ। ਕਈ ਇੰਦਰ ਆਪਣੇ ਤਖ਼ਤ ਤੇ ਬੈਠੇ ਹੋਏ ਦੇਵਤਿਆਂ ਸਮੇਤ ਤੇਰੇ ਦਰ 'ਤੇ ਤੈਨੂੰ ਸਾਲਾਹ (admiring You) ਰਹੇ ਹਨ।

**ਗਾਵਹਿ ਸਿਧ* ਸਮਾਧੀ ਅੰਦਰਿ** *ਮਨੁੱਖਾਂ ਤੋਂ ਉਤੇ ਤੇ ਦੇਵਤਿਆ ਤੋਂ ਹੇਠ
**ਗਾਵਨਿ ਸਾਧ ਵੀਚਾਰੇ*॥** *ਵਿਚਾਰ-ਵਿਚਾਰ ਕੇ
**ਗਾਵਨਿ ਜਤੀ ਸਤੀ* ਸੰਤੋਖੀ** *ਦਾਨੀ
**ਗਾਵਹਿ *ਵੀਰ ਕਰਾਰੇ॥** *ਤਕੜੇ ਸੂਰਮੇ

ਸਿੱਧ ਲੋਕ ਸਮਾਧੀਆਂ (Sidhas in deep meditation) ਲਾ ਕੇ ਤੈਨੂੰ ਗਾ ਰਹੇ ਹਨ, ਸਾਧ ਵੀਚਾਰ ਕਰ-ਕਰ ਕੇ ਤੈਨੂੰ ਸਾਲਾਹ ਰਹੇ ਹਨ। ਜਤ ਧਾਰੀ, ਦਾਨ ਕਰਨ ਵਾਲੇ ਅਤੇ ਸੰਤੋਖ (men of continence, charity and contentment) ਵਾਲੇ ਪੁਰਸ਼ ਤੇਰੇ ਗੁਣ ਗਾ ਰਹੇ ਹਨ, ਬੇਅੰਤ ਤਕੜੇ ਸੂਰਮੇ (great warriors) ਤੇਰੀਆਂ ਵਡਿਆਈਆਂ ਕਰ ਰਹੇ ਹਨ।

**ਗਾਵਨਿ ਪੰਡਿਤ ਪੜਨਿ ਰਖੀਸਰ*** *ਵੱਡੇ ਵੱਡੇ ਰਿਸ਼ੀ
**ਜੁਗੁ ਜੁਗੁ ਵੇਦਾ ਨਾਲੇ॥**
**ਗਾਵਹਿ ਮੋਹਣੀਆ* ਮਨੁ ਮੋਹਨਿ** *ਸੁੰਦਰ ਇਸਤਰੀਆਂ
**ਸੁਰਗਾ ਮਛ* ਪਇਆਲੇ**॥** *ਮਾਤ ***ਪਾਤਾਲ ਲੋਕ

ਹੇ ਅਕਾਲਪੁਰਖ! ਪੰਡਿਤ ਤੇ ਮਹਾਂਰਿਖੀ (men of learning and mighty seers), ਜੋ ਵੇਦਾਂ ਨੂੰ ਪੜ੍ਹਦੇ ਹਨ, ਵੇਦਾਂ ਸਣੇ (along with) ਤੈਨੂੰ ਗਾ ਰਹੇ ਹਨ। ਸੁੰਦਰ ਇਸਤਰੀਆਂ ਜੋ ਸੁਰਗ, ਮਾਤ ਲੋਕ ਤੇ ਪਾਤਾਲ ਵਿਚ ਭਾਵ ਹਰ ਥਾਂ ਮਨੁੱਖ ਦੇ ਮਨ ਨੂੰ ਮੋਹ

ਲੈਂਦੀਆਂ ਹਨ, ਤੈਨੂੰ ਗਾ ਰਹੀਆਂ ਹਨ।

ਗਾਵਨਿ ਰਤਨ *ਉਪਾਏ ਤੇਰੇ — *ਤੇਰੇ ਪੈਦਾ ਕੀਤਾ ਹੋਏ  
ਅਠਸਠਿ* ਤੀਰਥ ਨਾਲੇ॥ — *8 ਤੇ 60 ਭਾਵ 68  
ਗਾਵਹਿ ਜੋਧ ਮਹਾਬਲ* ਸੂਰਾ — *ਵੱਡੇ ਬਲ ਵਾਲੇ  
ਗਾਵਹਿ *ਖਾਣੀ ਚਾਰੇ॥ — *4 ਖਾਣੀਆਂ – ਅੰਡਜ਼, ਜੇਰਜ਼, ਸੇਤਜ਼, ਉਤਭੁਜ  
ਗਾਵਹਿ ਖੰਡ* ਮੰਡਲ** ਵਰਭੰਡਾ*** — *ਟੋਟਾ **ਬ੍ਰਹਿਮੰਡ ਦਾ ਚੱਕਰ ***ਸ੍ਰਿਸ਼ਟੀ  
*ਕਰਿ ਕਰਿ ਰਖੇ ਧਾਰੇ॥ — *ਬਣ ਕੇ, ਰਚ ਕੇ

ਹੇ ਨਿਰੰਕਾਰ! ਤੇਰੇ ਪੈਦਾ ਕੀਤੇ ਹੋਏ ਰਤਨ ਅਠਾਹਠ ਤੀਰਥਾਂ ਸਮੇਤ ਤੈਨੂੰ ਗਾ ਰਹੇ ਹਨ। ਵੱਡੇ ਬਲ ਵਾਲੇ ਜੋਧੇ ਤੇ ਸੂਰਮੇ ਤੇਰੀ ਸਿਫ਼ਤ ਸਾਲਾਹ (singing your praises) ਕਰ ਰਹੇ ਹਨ। ਚਾਰ ਖਾਣੀਆਂ (sources of creation) ਦੇ ਜੀਅ-ਜੰਤ ਤੈਨੂੰ ਗਾ ਰਹੇ ਹਨ। ਸਾਰੀ ਸ੍ਰਿਸ਼ਟੀ, ਸ੍ਰਿਸ਼ਟੀ ਦੇ ਸਾਰੇ ਖੰਡ ਅਤੇ ਚੱਕਰ, ਜੋ ਤੂੰ ਪੈਦਾ ਕਰ ਕੇ ਟਿੱਕਾ ਰਖੇ ਹਨ, ਤੈਨੂੰ ਗਾਉਂਦੇ ਹਨ।

ਸੇਈ ਤੁਧ ਨੋ ਗਾਵਹਿ ਜੋ ਤੁਧੁ ਭਾਵਨਿ  
ਰਤੇ* ਤੇਰੇ ਭਗਤ ਰਸਾਲੇ**॥ — *ਰੰਗੇ ਹੋਏ **ਰਸ ਦੇ ਘਰ, ਰਸੀਏ  
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ  
ਨਾਨਕੁ ਕਿਆ ਵੀਚਾਰੇ॥

ਹੇ ਅਕਾਲਪੁਰਖ! ਅਸਲ ਵਿਚ ਤਾਂ ਉਹੋ ਤੇਰੇ ਪ੍ਰੇਮ ਵਿਚ ਰੱਤੇ (drenched in your love) ਰਸੀਏ ਭਗਤ ਜਨ ਤੈਨੂੰ ਗਾਉਂਦੇ ਹਨ ਭਾਵ ਉਹਨਾਂ ਦਾ ਹੀ ਗਾਉਣਾ ਸਫ਼ਲ ਹੈ, ਜੋ ਤੈਨੂੰ ਚੰਗੇ ਲੱਗਦੇ ਹਨ। ਅਨੇਕਾਂ ਹੋਰ ਜੀਵ ਤੈਨੂੰ ਗਾ ਰਹੇ ਹਨ, ਜਿਹਨਾਂ ਦਾ ਮੈਨੂੰ ਪਤਾ ਵੀ ਨਹੀਂ (cannot even recollect)। ਨਾਨਕ ਕੀ ਵਿਚਾਰ ਕਰ ਸਕਦਾ ਹੈ (how can Nanak contemplate)?

ਸੋਈ ਸੋਈ ਸਦਾ ਸਚੁ  
ਸਾਹਿਬੁ ਸਾਚਾ ਸਾਚੀ ਨਾਈ*॥ — *ਵਡਿਆਈ  
ਹੈ ਭੀ ਹੋਸੀ *ਜਾਇ ਨ ਜਾਸੀ** — *ਜੰਮਦਾ ਨਹੀਂ **ਨਾ ਹੀ ਮਰੇਗਾ  
ਰਚਨਾ ਜਿਨਿ ਰਚਾਈ॥

ਉਹ ਅਕਾਲਪੁਰਖ ਸਦਾ ਥਿਰ (eternal) ਹੈ, ਉਹ ਮਾਲਕ ਸੱਚਾ (true Lord) ਹੈ,





ਉਸ ਦੀ ਵਡਿਆਈ ਵੀ ਸਦਾ ਅਟੱਲ ਹੈ। ਜਿਸ ਅਕਾਲਪੁਰਖ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹ ਇਸ ਵੇਲੇ ਮੌਜੂਦ ਹੈ, ਸਦਾ ਰਹੇਗਾ, ਨਾ ਉਹ ਜੰਮਿਆ ਹੈ ਅਤੇ ਨਾ ਹੀ ਮਰੇਗਾ (neither is He born, nor will He die)।

*ਰੰਗੀ ਰੰਗੀ **ਭਾਤੀ — *ਕਈ ਰੰਗਾਂ ਦੀ **ਕਈ ਕਿਸਮਾਂ ਦੀ  
ਕਰਿ ਕਰਿ ਜਿਨਸੀ* — *ਕਈ ਜਿਨਸਾਂ ਦੀ  
ਮਾਇਆ ਜਿਨਿ ਉਪਾਈ॥  
ਕਰਿ ਕਰਿ ਵੇਖੈ ਕੀਤਾ ਆਪਣਾ  
ਜਿਵ ਤਿਸ ਦੀ ਵਡਿਆਈ॥

ਅਕਾਲਪੁਰਖ ਨੇ ਕਈ ਰੰਗਾਂ, ਕਿਸਮਾਂ ਅਤੇ ਜਿਨਸਾਂ (innumerable colours, categories and species) ਦੀ ਮਾਇਆ ਰਚ ਦਿੱਤੀ ਹੈ। ਉਹ ਜਿਵੇਂ ਉਸ ਦੀ ਰਜ਼ਾ ਹੈ, ਆਪਣੇ ਪੈਦਾ ਕੀਤੇ ਹੋਏ ਦੀ ਸੰਭਾਲ ਵੀ ਕਰ ਰਿਹਾ ਹੈ।

ਜੋ ਤਿਸੁ ਭਾਵੈ ਸੋਈ ਕਰਸੀ  
ਹੁਕਮੁ *ਨ ਕਰਣਾ ਜਾਈ॥ — *ਨਹੀਂ ਕੀਤਾ ਜਾ ਸਕਦਾ  
ਸੋ ਪਾਤਿਸਾਹੁ *ਸਾਹਾ ਪਾਤਿਸਾਹਿਬੁ — *ਸ਼ਾਹਾਂ ਦਾ ਪਾਤਿਸ਼ਾਹ  
ਨਾਨਕ ਰਹਣੁ ਰਜਾਈ॥੨੭॥

ਜੋ ਕੁਝ ਅਕਾਲਪੁਰਖ ਨੂੰ ਭਾਉਂਦਾ ਹੈ, ਉਹੋ ਹੀ ਉਹ ਕਰੇਗਾ। ਕੋਈ ਵੀ ਅਕਾਲਪੁਰਖ ਨੂੰ ਹੁਕਮ ਨਹੀਂ ਕਰ ਸਕਦਾ, ਅਕਾਲਪੁਰਖ ਪਾਤਿਸ਼ਾਹ ਹੈ, ਪਾਤਿਸ਼ਾਹਾਂ ਦਾ ਵੀ ਪਾਤਿਸ਼ਾਹ ਹੈ, ਹੇ ਨਾਨਕ! ਜੀਵਾਂ ਦਾ ਉਸ ਦੀ ਰਜ਼ਾ ਵਿਚ ਰਹਿਣਾ ਹੀ ਚੰਗਾ ਹੈ।

## (ਪਉੜੀ – ੨੮)

ਮੁੰਦਾ* ਸੰਤੋਖੁ ਸਰਮੁ** ਪਤੁ*** ਝੋਲੀ — *ਮੁੰਦਰਾਂ **ਉੱਦਮ ***ਪਾਤਰ, ਖੱਪਰ  
ਧਿਆਨ ਕੀ ਕਰਹਿ ਬਿਭੂਤਿ*॥ — *ਸੁਆਹ  
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ  
ਡੰਡਾ ਪਰਤੀਤਿ*॥ — *ਸ਼ਰਧਾ, ਯਕੀਨ

ਹੇ ਜੋਗੀ! ਜੇ ਤੂੰ ਸੰਤੋਖ (contentment) ਨੂੰ ਆਪਣੀਆਂ ਮੁੰਦਰਾਂ (ear-rings) ਬਣਾਵੇਂ, ਮਿਹਨਤ ਨੂੰ ਖੱਪਰ ਤੇ ਝੋਲੀ (begging bowl and wallet) ਅਤੇ ਅਕਾਲਪੁਰਖ ਦੇ

ਧਿਆਨ ਦੀ ਸੁਆਹ ਸਰੀਰ 'ਤੇ ਲਗਾਵੇਂ, ਤਾਂ ਮੌਤ ਦਾ ਡਰ ਤੇਰੀ ਗੋਦੜੀ (patched coat) ਹੋਵੇ। ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਣਾ (chastity) ਤੇਰੇ ਲਈ ਜੋਗ ਦੀ ਰਹਿਤ (code of conduct) ਹੋਵੇ ਅਤੇ ਸ਼ਰਧਾ ਨੂੰ ਡੰਡਾ (faith as rod) ਬਣਾਵੇਂ, ਤਾਂ ਅੰਦਰੋਂ ਕੂੜ ਦੀ ਕੰਧ ਟੁੱਟ ਸਕਦੀ ਹੈ।

***ਆਈ ਪੰਥੀ ਸਗਲ ਜਮਾਤੀ**** — *ਜੋਗੀਆਂ ਦਾ ਸ਼੍ਰੇਸ਼ਠ ਫਿਰਕਾ **ਮਿੱਤਰ
**ਮਨਿ ਜੀਤੈ ਜਗੁ ਜੀਤੁ ॥**
**ਆਦੇਸੁ* ਤਿਸੈ** ਆਦੇਸੁ ॥** — *ਪਰਣਾਮ **ਉਸੇ ਹੀ ਅਕਾਲ ਪੁਰਖ ਨੂੰ
**ਆਦਿ* ਅਨੀਲੁ** ਅਨਾਦਿ*** ਅਨਾਹਤਿ** — *ਮੁੱਢ ਤੋਂ **ਸ਼ੁੱਧ ***ਮੁੱਢ ਨਹੀਂ
**ਜੁਗੁ ਜੁਗੁ ਏਕੋ ਵੇਸੁ ॥੨੮॥**

ਜੇ ਮਨੁੱਖ ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਆਪਣੇ ਸੱਜਣ-ਮਿੱਤਰ ਸਮਝਦਾ ਹੈ, ਅਸਲ ਵਿਚ ਉਹੀ 'ਆਈ ਪੰਥ' ਵਾਲਾ ਹੈ। ਜੇ ਆਪਣਾ ਮਨ ਜਿੱਤਿਆ (conquering mind) ਜਾਏ, ਤਾਂ ਸਾਰਾ ਜਗਤ ਹੀ ਜਿੱਤਿਆ ਜਾਂਦਾ ਹੈ (conquest of the mind is conquest of the world)।

ਅਕਾਲਪੁਰਖ ਨੂੰ ਪ੍ਰਣਾਮ ਕਰੋ, ਜੋ ਸਭ ਦਾ ਮੁੱਢ (primal) ਹੈ, ਜੋ ਸ਼ੁੱਧ ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ (sans-beginning) ਲੱਭ ਸਕਦਾ, ਜੋ ਨਾਸ਼-ਰਹਿਤ (indestructible) ਹੈ ਅਤੇ ਜੋ ਸਦਾ ਇਕੋ ਜਿਹਾ ਰਹਿੰਦਾ ਹੈ।

## {ਪਉੜੀ - ੨੯}

**ਭੁਗਤਿ* ਗਿਆਨੁ ਦਇਆ ਭੰਡਾਰਣਿ**** — *ਚੂਰਮਾ **ਵਰਤਾਣ ਵਾਲੀ
***ਘਟਿ ਘਟਿ ਵਾਜਹਿ** ਨਾਦ*** ॥** — *ਹਰੇਕ ਸਰੀਰ **ਵਜ ਰਹੇ ***ਸ਼ਬਦ
**ਆਪਿ ਨਾਥੁ ਨਾਥੀ* ਸਭ ਜਾ ਕੀ** — *ਨੱਥੀ ਹੋਈ, ਵੱਸ ਵਿਚ
**ਰਿਧਿ* ਸਿਧਿ** ਅਵਰਾ*** ਸਾਦ ॥** — *ਵਡਿਆਈ **ਸਫਲਤਾ ***ਹੋਰ
**ਸੰਜੋਗੁ* ਵਿਜੋਗੁ** ਦੁਇ***** — *ਮੇਲ **ਵਿਛੋੜਾ ***ਦੋਵੇਂ
**ਕਾਰ ਚਲਾਵਹਿ ਲੇਖੇ ਆਵਹਿ ਭਾਗ ॥**

ਹੇ ਜੋਗੀ! ਜੇ ਅਕਾਲਪੁਰਖ ਦੀ ਸਰਬਵਿਆਪਕਤਾ ਦਾ ਗਿਆਨ (Divine





knowledge) ਤੇਰੇ ਲਈ ਚੂਰਮਾ (food) ਹੋਵੇ, ਦਇਆ (compassion) ਇਸ ਗਿਆਨ ਰੂਪ ਭੰਡਾਰੇ ਦੀ ਵਰਤਾਵੀ ਹੋਵੇ। ਹਰੇਕ ਜੀਵ ਦੇ ਅੰਦਰ ਚਲ ਰਹੀ ਜ਼ਿੰਦਗੀ ਦੀ ਰੌਂ (life-wave) ਮਾਨੋ ਨਾਦੀ (horn sound) ਵੱਜ ਰਹੀ ਹੋਵੇ।

ਤੇਰਾ ਮਾਲਕ ਆਪ ਅਕਾਲਪੁਰਖ ਹੋਵੇ ਜਿਸ ਦੇ ਵੱਸ ਵਿਚ ਸਾਰੀ ਸ੍ਰਿਸ਼ਟੀ ਹੈ। ਜੋਗ-ਸਾਧਨਾ ਦੇ ਰਾਹੀਂ ਪ੍ਰਾਪਤ ਹੋਈਆਂ ਰਿੱਧੀਆਂ - ਸਿੱਧੀਆਂ (riches and miracles) ਵਿਅਰਥ ਹਨ, ਇਹ ਕਿਸੇ ਹੋਰ ਪਾਸੇ ਲੈ ਜਾਣ ਵਾਲੇ ਸੁਆਦ (useless relishes) ਹਨ।

ਅਕਾਲਪੁਰਖ ਦੀ 'ਸੰਜੋਗ' ਸੱਤਾ ਅਤੇ 'ਵਿਜੋਗ' ਸੱਤਾ (powers for uniting and separating) ਦੋਵੇਂ ਮਿਲ ਕੇ ਇਸ ਸੰਸਾਰ ਦੀ ਕਾਰ ਨੂੰ ਚਲਾ ਰਹੀਆਂ ਹਨ। ਸਭ ਜੀਵਾਂ ਦੇ ਕੀਤੇ ਕਰਮਾਂ ਦੇ ਲੇਖੇ ਅਨੁਸਾਰ ਸੁਖ-ਦੁਖ ਮਿਲ ਰਹੇ ਹਨ।

**ਆਦੇਸੁ ਤਿਸੈ ਆਦੇਸੁ ॥**
**ਆਦਿ ਅਨੀਲੁ ਅਨਾਦਿ ਅਨਾਹਤਿ*** — *ਨਾਸ਼-ਰਹਿਤ, ਇਕ ਰਸ
**ਜੁਗੁ ਜੁਗੁ ਏਕੋ ਵੇਸੁ॥੨੯॥**

ਅਕਾਲਪੁਰਖ ਨੂੰ ਪ੍ਰਣਾਮ ਕਰੋ, ਜੋ ਸਭ ਦਾ ਮੁੱਢ (primal) ਹੈ, ਜੋ ਸ਼ੁੱਧ ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ (sans-beginning) ਲੱਭ ਸਕਦਾ, ਜੋ ਨਾਸ਼-ਰਹਿਤ (indestructible) ਹੈ ਅਤੇ ਜੋ ਸਦਾ ਇਕੋ ਜਿਹਾ ਰਹਿੰਦਾ ਹੈ।

## {ਪਉੜੀ - ੩੦}

**ਏਕਾ ਮਾਈ ਜੁਗਤਿ* ਵਿਆਈ**** — *ਤਰੀਕੇ **ਪ੍ਰਸੂਤ ਹੋਈ
**ਤਿਨਿ ਚੇਲੇ ਪਰਵਾਣੁ* ॥** — *ਪਰਤੱਖ
**ਇਕੁ ਸੰਸਾਰੀ* ਇਕੁ ਭੰਡਾਰੀ**** — *ਘਰਬਾਰੀ **ਭੰਡਾਰੇ ਦਾ ਮਾਲਕ
**ਇਕੁ ਲਾਏ ਦੀਬਾਣੁ* ॥** — *ਦਰਬਾਰ, ਕਚਹਿਰੀ

ਲੋਕਾਂ ਵਿਚ ਇਹ ਖਿਆਲ ਆਮ ਪ੍ਰਚੱਲਤ ਸੀ ਕਿ ਇਕੱਲੀ ਮਾਇਆ ਕਿਸੇ ਜੁਗਤੀ ਨਾਲ ਪ੍ਰਸੂਤੀ (conceived) ਹੋਈ ਹੈ ਤੇ ਉਸ ਦੇ ਤਿੰਨ ਪੁੱਤਰ ਜੰਮੇ।

ਉਹਨਾਂ ਵਿਚੋਂ ਇਕ ਬ੍ਰਹਮਾ, ਜੀਵਾਂ ਨੂੰ ਪੈਦਾ (creator) ਕਰਨ ਲੱਗ ਪਿਆ। ਵਿਸ਼ਨੂੰ ਭੰਡਾਰ ਵਰਤਾਣ (sustainer) ਲੱਗਾ ਤੇ ਸ਼ਿਵ, ਕਚਹਿਰੀ ਲਗਾਉਂਦਾ ਹੈ ਭਾਵ ਜੀਵਾਂ ਨੂੰ ਮਾਰਦਾ (destroyer) ਹੈ।

**ਜਿਵ ਤਿਸੁ ਭਾਵੈ ਤਿਵੈ ਚਲਾਵੈ**

**ਜਿਵ ਹੋਵੈ ਫੁਰਮਾਣੁ॥**

**ਓਹੁ ਵੇਖੈ ਓਨਾ *ਨਦਰਿ ਨ ਆਵੈ** *ਦਿਸਦਾ ਨਹੀਂ

**ਬਹੁਤਾ ਏਹੁ ਵਿਡਾਣੁ*॥** *ਅਸਚਰਜ, ਕੌਤਕ

ਪਰ ਅਸਲ ਗੱਲ ਇਹ ਹੈ ਕਿ ਜਿਵੇਂ ਉਸ ਅਕਾਲਪੁਰਖ ਨੂੰ ਭਾਉਂਦਾ ਹੈ ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਤਿਵੇਂ ਹੀ ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ। ਇਹਨਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਹੱਥ ਕੁਝ ਨਹੀਂ, ਇਹ ਬੜਾ ਅਸਚਰਜ ਕੌਤਕ ਹੈ ਕਿ ਉਹ ਅਕਾਲਪੁਰਖ ਸਭ ਜੀਵਾਂ ਨੂੰ ਵੇਖ ਰਿਹਾ ਹੈ, ਪਰ ਜੀਵਾਂ ਨੂੰ ਅਕਾਲਪੁਰਖ ਦਿੱਸਦਾ ਨਹੀਂ।

**ਆਦੇਸੁ ਤਿਸੈ ਆਦੇਸੁ॥**

**ਆਦਿ ਅਨੀਲੁ ਅਨਾਦਿ ਅਨਾਹਤਿ**

**ਜੁਗੁ ਜੁਗੁ ਏਕੋ ਵੇਸ॥**

ਸੋ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਦੀ ਥਾਂ ਕੇਵਲ ਉਸ ਅਕਾਲਪੁਰਖ ਨੂੰ ਪ੍ਰਣਾਮ ਕਰੋ, ਜੋ ਸਭ ਦਾ ਮੁੱਢ (primal) ਹੈ, ਜੋ ਸ਼ੁੱਧ ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ (sans-beginning) ਲੱਭ ਸਕਦਾ, ਜੋ ਨਾਸ਼-ਰਹਿਤ (indestructible) ਹੈ ਅਤੇ ਜੋ ਸਦਾ ਇਕੋ ਜਿਹਾ ਰਹਿੰਦਾ ਹੈ।

## (ਪਉੜੀ - ੩੧)

**ਆਸਣੁ* **ਲੋਇ ਲੋਇ ਭੰਡਾਰੁ॥** *ਟਿਕਾਣਾ **ਹਰੇਕ ਭਵਨ ਵਿਚ

**ਜੋ ਕਿਛੁ ਪਾਇਆ ਸੁ ਏਕਾ ਵਾਰ॥**

**ਕਰਿ ਕਰਿ ਵੇਖੈ ਸਿਰਜਣਹਾਰੁ॥**

**ਨਾਨਕ ਸਚੇ ਕੀ ਸਾਚੀ ਕਾਰ॥**

ਅਕਾਲਪੁਰਖ ਦੇ ਭੰਡਾਰਿਆਂ ਦਾ ਟਿਕਾਣਾ (seat of God's store-houses) ਹਰੇਕ ਭਵਨ ਵਿਚ ਹੈ। ਜੋ ਕੁਝ ਅਕਾਲਪੁਰਖ ਨੇ ਉਹਨਾਂ ਭੰਡਾਰਿਆਂ ਵਿਚ ਪਾਇਆ ਹੈ, ਇਕੋ ਵਾਰ ਹੀ (once for all) ਪਾ ਦਿਤਾ ਹੈ, ਇਹ ਭੰਡਾਰੇ (storehouses) ਸਦਾ ਅਖੁੱਟ (inexhaustible) ਹਨ। ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਅਕਾਲਪੁਰਖ ਜੀਵਾਂ ਨੂੰ ਪੈਦਾ ਕਰਕੇ ਉਹਨਾਂ ਦੀ ਸੰਭਾਲ (beholding) ਕਰ ਰਿਹਾ ਹੈ। ਹੇ ਨਾਨਕ! ਸਦਾ ਥਿਰ ਰਹਿਣ ਵਾਲੇ





ਅਕਾਲਪੁਰਖ ਦੀ ਸ੍ਰਿਸ਼ਟੀ ਦੀ ਸੰਭਾਲ ਵਾਲੀ ਕਾਰ ਸਦਾ ਅਟੱਲ ਹੈ।

**ਆਦੇਸੁ ਤਿਸੈ ਆਦੇਸੁ॥**

**ਆਦਿ ਅਨੀਲੁ ਅਨਾਦਿ ਅਨਾਹਤਿ**

**ਜੁਗੁ ਜੁਗੁ ਏਕੋ ਵੇਸ॥੩੧॥**

ਅਕਾਲਪੁਰਖ ਨੂੰ ਪ੍ਰਣਾਮ ਕਰੋ, ਜੋ ਸਭ ਦਾ ਮੁੱਢ (primal) ਹੈ, ਜੋ ਸ਼ੁੱਧ ਸਰੂਪ ਹੈ, ਜਿਸ ਦਾ ਕੋਈ ਮੁੱਢ ਨਹੀਂ (sans-beginning) ਲੱਭ ਸਕਦਾ, ਜੋ ਨਾਸ਼-ਰਹਿਤ (indestructible) ਹੈ ਅਤੇ ਜੋ ਸਦਾ ਇਕੋ ਜਿਹਾ ਰਹਿੰਦਾ ਹੈ।

## (ਪਉੜੀ - ੩੨)

***ਇਕ ਦੂ ਜੀਭੌ ਲਖ ਹੋਹਿ** *ਇਕ ਜੀਭ ਤੋਂ

**ਲਖ ਹੋਵਹਿ ਲਖ ਵੀਸ* ॥** *ਵੀਹ

**ਲਖੁ ਲਖੁ ਗੇੜਾ* ਆਖੀਅਹਿ** *ਫੇਰੇ, ਵਾਰੀ

**ਏਕੁ ਨਾਮੁ ਜਗਦੀਸ ॥**

ਜੇ ਇੱਕ ਜੀਭ ਤੋਂ ਲੱਖ ਜੀਭਾਂ, ਲੱਖ ਜੀਭਾਂ ਤੋਂ ਵੀਹ ਲੱਖ ਬਣ ਜਾਣ, ਇਹਨਾਂ ਵੀਹ ਲੱਖ ਜੀਭਾਂ ਨਾਲ ਜੇ ਅਕਾਲਪੁਰਖ ਦੇ ਇਕ ਨਾਮ ਨੂੰ ਇਕ-ਇਕ ਲੱਖ ਵਾਰੀ ਆਖੀਏ, ਤਾਂ ਇਹ ਝੂਠਾ ਅਹੰਕਾਰ ਹੀ ਹੈ ।

**ਏਤੁ ਰਾਹਿ *ਪਤਿ ਪਵੜੀਆ** *ਪਤੀ ਨੂੰ ਮਿਲਣ ਵਾਸਤੇ ਪਉੜੀਆਂ

**ਚੜੀਐ *ਹੋਇ ਇਕੀਸ ॥** *ਇਕਰੂਪ ਹੋ ਕੇ, ਆਪਾ ਭਾਵ ਗਵਾ ਕੇ

**ਸੁਣਿ ਗਲਾ ਆਕਾਸ ਕੀ**

**ਕੀਟਾ ਆਈ ਰੀਸ ॥**

ਪਰਮਾਤਮਾ ਵਾਲੇ ਰਾਹ ਵਿੱਚ ਅਕਾਲਪੁਰਖ ਨੂੰ ਮਿਲਣ ਵਾਸਤੇ ਜੋ ਪਉੜੀਆਂ (stairs) ਹਨ, ਉਹਨਾਂ ਉਤੇ ਇਕ ਰੂਪ ਹੋ (without duality) ਕੇ ਹੀ ਚੜ੍ਹ ਸਕੀਦਾ ਹੈ। ਗਿਣਤੀ ਦੇ ਸਿਮਰਨ ਨਾਲ ਕੁਝ ਨਹੀਂ ਬਣਦਾ। ਇਹ ਇਉਂ ਹੈ ਕਿ ਜਿਵੇਂ ਆਕਾਸ਼ ਦੀਆਂ ਗੱਲਾਂ ਸੁਣ ਕੇ ਕੀੜੀਆਂ ਨੂੰ ਵੀ ਰੀਸ ਆ ਗਈ ਕਿ ਅਸੀਂ ਵੀ ਆਕਾਸ਼ 'ਤੇ ਪੁੱਜ ਜਾਈਏ।

**ਨਾਨਕ ਨਦਰੀ* ਪਾਈਐ**** *ਮਿਹਰ ਦੀ ਨਜ਼ਰ ਨਾਲ **ਪਾਈਦਾ ਹੈ

**ਕੂੜੀ ਕੂੜੈ* ਠਸਿ** ॥੩੨॥** *ਕੂੜੇ ਮਨੁੱਖ ਦੀ **ਗੱਪ

ਹੇ ਨਾਨਕ! ਜੇ ਅਕਾਲਪੁਰਖ ਮਿਹਰ ਦੀ ਨਜ਼ਰ ਕਰੇ, ਤਾਂ ਹੀ ਉਸ ਨੂੰ ਮਿਲੀਦਾ (God's union is achieved only with His grace) ਹੈ, ਨਹੀਂ ਤਾਂ ਕੂੜੇ ਮਨੁੱਖ (false person) ਦੀ ਆਪਣੇ ਆਪ ਹੀ ਨਿਰੀ ਕੂੜੀ ਵਡਿਆਈ (just false boasting) ਹੀ ਹੈ ਕਿ ਮੈਂ ਸਿਮਰਨ ਕਰ ਰਿਹਾ ਹਾਂ।

## (ਪਉੜੀ – ੩੩)

**ਆਖਣਿ ਜੋਰੁ* ਚੁਪੈ ਨਹ ਜੋਰੁ॥** *ਸਮਰੱਥਾ
**ਜੋਰੁ ਨ ਮੰਗਣਿ ਦੇਣਿ ਨ ਜੋਰੁ॥**
**ਜੋਰੁ ਨ ਜੀਵਣਿ ਮਰਣਿ ਨਹ ਜੋਰੁ॥**
**ਜੋਰੁ ਨ ਰਾਜਿ ਮਾਲਿ ਮਨਿ ਸੋਰੁ॥**

ਬੋਲਣ ਵਿਚ ਤੇ ਚੁੱਪ ਰਹਿਣ ਵਿੱਚ ਸਾਡਾ ਕੋਈ ਆਪਣਾ ਜੋਰ (power) ਨਹੀਂ ਹੈ। ਨਾ ਹੀ ਮੰਗਣ ਵਿਚ ਸਾਡੀ ਮਰਜ਼ੀ ਚਲਦੀ ਹੈ ਅਤੇ ਨਾ ਹੀ ਦੇਣ ਵਿਚ। ਜੀਵਨ ਵਿਚ ਤੇ ਮਰਣ ਵਿਚ ਵੀ ਸਾਡੀ ਕੋਈ ਸਮਰੱਥਾ ਕੰਮ ਨਹੀਂ ਦੇਂਦੀ। ਰਾਜ ਤੇ ਮਾਲ ਪ੍ਰਾਪਤ ਕਰਨ ਵਿਚ ਵੀ ਸਾਡਾ ਜ਼ੋਰ ਨਹੀਂ ਚੱਲਦਾ, ਜਿਸ ਰਾਜ ਮਾਲ ਦੇ ਕਾਰਨ ਸਾਡੇ ਮਨ ਵਿਚ ਫੂੰ-ਫਾਂ (tumult of vanity in mind) ਹੁੰਦੀ ਹੈ।

**ਜੋਰੁ ਨ ਸੁਰਤੀ* ਗਿਆਨਿ ਵੀਚਾਰਿ॥** *ਆਤਮਕ ਜਾਗ ਵਿਚ
**ਜੋਰੁ ਨ ਜੁਗਤੀ ਛੁਟੈ ਸੰਸਾਰੁ॥**
**ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥**
**ਨਾਨਕ ਉਤਮੁ ਨੀਚੁ ਨ ਕੋਇ॥੩੩॥**

ਆਤਮਕ ਜਾਗ (spiritual awakening) ਵਿਚ, ਗਿਆਨ ਵਿਚ ਅਤੇ ਵੀਚਾਰ (Divine knowledge and contemplation) ਵਿਚ ਰਹਿਣ ਦੀ ਸਾਡੀ ਸਮਰੱਥਾ ਨਹੀਂ ਹੈ। ਉਸ ਜੁਗਤੀ ਵਿਚ ਰਹਿਣ ਲਈ ਵੀ ਸਾਡਾ ਜੋਰ ਨਹੀਂ ਹੈ, ਜਿਸ ਕਰਕੇ ਜਨਮ-ਮਰਨ ਮੁੱਕ ਜਾਂਦਾ ਹੈ। ਉਹੀ ਅਕਾਲਪੁਰਖ ਰਚਨਾ ਰਚ ਕੇ ਉਸ ਦੀ ਹਰ ਤਰ੍ਹਾਂ ਨਾਲ ਸੰਭਾਲ ਕਰਦਾ ਹੈ, ਜਿਸ ਦੇ ਹੱਥ ਵਿਚ ਸਮਰੱਥਾ ਹੈ। ਹੇ ਨਾਨਕ! ਆਪਣੇ ਆਪ ਵਿਚ ਨਾ ਕੋਈ ਮਨੁੱਖ ਸਦਾਚਾਰੀ ਹੈ ਨਾ ਦੁਰਾਚਾਰੀ। ਇਹ ਬਣਾਉਣ ਵਾਲਾ ਪ੍ਰਭੂ ਆਪ ਹੀ ਹੈ।





## (ਪਉੜੀ – ੩੪)

**ਰਾਤੀ* ਰੁਤੀ** ਥਿਤੀ*** ਵਾਰ॥** *ਰਾਤਾਂ **ਮੌਸਮ ***ਤਾਰੀਖ, ਦਿਨ
**ਪਵਣ ਪਾਣੀ ਅਗਨੀ ਪਾਤਾਲ॥**
**ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ*॥** *ਧਰਮ ਕਮਾਉਣ ਦਾ ਅਸਥਾਨ
**ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥**
**ਤਿਨ ਕੇ ਨਾਮ ਅਨੇਕ ਅਨੰਤ॥**

ਰਾਤਾਂ, ਰੁੱਤਾਂ, ਤਰੀਕਾਂ, ਵਾਰ, ਹਵਾ, ਪਾਣੀ, ਅੱਗ, ਅਤੇ ਪਾਤਾਲ-ਇਹਨਾਂ ਸਾਰਿਆਂ ਦੇ ਇਕੱਠ ਵਿੱਚ ਅਕਾਲਪੁਰਖ ਦੀ ਧਰਤੀ ਨੂੰ ਧਰਮ ਕਮਾਉਣ ਦਾ ਸਥਾਨ ਬਣਾਇਆ ਹੈ। ਧਰਤੀ ਉੱਤੇ ਕਈ ਜੁਗਤੀਆਂ ਤੇ ਰੰਗਾਂ ਦੇ ਜੀਵ ਵੱਸਦੇ ਹਨ, ਜਿਨ੍ਹਾਂ ਦੇ ਅਨੇਕਾਂ ਤੇ ਅਣਗਿਣਤ ਨਾਮ ਹਨ।

***ਕਰਮੀ ਕਰਮੀ ਹੋਇ ਵੀਚਾਰੁ॥** *ਕਰਮਾਂ ਅਨੁਸਾਰ
**ਸਚਾ ਆਪਿ ਸਚਾ ਦਰਬਾਰੁ॥**
**ਤਿਥੈ* ਸੋਹਨਿ ਪੰਚ ਪਰਵਾਣੁ**॥** *ਉਸ ਥਾਂ ਤੇ **ਪਰਤੱਖ ਤੌਰ ਤੇ
***ਨਦਰੀ ਕਰਮਿ **ਪਵੈ ਨੀਸਾਣੁ॥** *ਬਖ਼ਸ਼ਿਸ਼ **ਵਡਿਆਈ ਦਾ ਨਿਸ਼ਾਨ

ਜੀਵਾਂ ਦੇ ਆਪੋ ਆਪਣੇ ਕੀਤੇ ਕਰਮਾਂ ਦੇ ਅਨੁਸਾਰ ਫੈਸਲਾ ਕਰਨ ਵਾਲਾ ਅਕਾਲਪੁਰਖ ਆਪ ਸੱਚਾ ਹੈ, ਉਸ ਦਾ ਦਰਬਾਰ ਵੀ ਸੱਚਾ ਹੈ। ਉਸ ਦਰਬਾਰ ਵਿਚ ਸੰਤ ਜਨ ਪਰਤੱਖ ਤੌਰ ਤੇ ਸ਼ੋਭਦੇ ਹਨ ਅਤੇ ਮਿਹਰ ਦੀ ਨਜ਼ਰ ਕਰਨ ਵਾਲੇ ਅਕਾਲਪੁਰਖ ਦੀ ਬਖ਼ਸ਼ਿਸ਼ ਨਾਲ ਉਹਨਾਂ ਸੰਤ ਜਨਾਂ ਦੇ ਮੱਥੇ ਉੱਤੇ ਵਡਿਆਈ ਦਾ ਨਿਸ਼ਾਨ ਚਮਕ ਪੈਂਦਾ (mark of glory shines on their foreheads) ਹੈ।

**ਕਚ* ਪਕਾਈ** ਓਥੈ ਪਾਇ॥** *ਕਚਿਆਈ **ਪਕਿਆਈ
**ਨਾਨਕ ਗਇਆ *ਜਾਪੈ ਜਾਇ॥੩੪॥** *ਵੇਖਿਆ ਜਾਂਦਾ ਹੈ

ਜੀਵਾਂ ਦੀ ਕਚਿਆਈ-ਪਕਿਆਈ (perfection or imperfection) ਅਕਾਲਪੁਰਖ ਦੇ ਦਰ ਤੇ ਜਾ ਕੇ ਪਤਾ ਲੱਗਦੀ ਹੈ। ਹੇ ਨਾਨਕ! ਅਕਾਲਪੁਰਖ ਦੇ ਦਰ 'ਤੇ ਜਾਣ ਤੇ ਹੀ ਸਮਝ ਆਉਂਦੀ ਹੈ ਕਿ ਅਸਲ ਵਿਚ ਕੌਣ ਪੱਕਾ ਹੈ ਤੇ ਕੌਣ ਕੱਚਾ ਹੈ?

## {ਪਉੜੀ – ੩੫}

**ਧਰਮ ਖੰਡ ਕਾ ਏਹੋ ਧਰਮ ॥**
**ਗਿਆਨ ਖੰਡ ਕਾ ਆਖਹੁ ਕਰਮੁ* ॥** *ਕੰਮ, ਕਰਤੱਬ

ਧਰਮ ਖੰਡ (Realm of Righteousness) ਦਾ ਨਿਰਾ ਏਹੋ ਧਰਮ ਹੈ, ਜੋ ਉਪਰ ਦੱਸਿਆ ਗਿਆ ਹੈ, ਹੁਣ ਗਿਆਨ ਖੰਡ (Realm of Knowledge) ਦਾ ਕਰਤੱਬ ਵੀ ਸਮਝ ਲਵੋ ।

**ਕੇਤੇ ਪਵਣ ਪਾਣੀ ਵੈਸੰਤਰ**
**ਕੇਤੇ ਕਾਨ ਮਹੇਸ* ॥** *ਸ਼ਿਵ
**ਕੇਤੇ ਬਰਮੇ *ਘਾੜਤਿ ਘੜੀਅਹਿ** *ਘੜੇ ਜਾ ਰਹੇ ਹਨ
**ਰੂਪ ਰੰਗ ਕੇ ਵੇਸ ॥**

ਅਕਾਲਪੁਰਖ ਦੀ ਰਚਨਾ ਵਿਚ ਕਈ ਪ੍ਰਕਾਰ ਦੇ ਪਉਣ, ਪਾਣੀ ਤੇ ਅਗਨੀਆਂ ਹਨ। ਕਈ ਕ੍ਰਿਸ਼ਨ ਹਨ ਤੇ ਕਈ ਸ਼ਿਵ ਹਨ, ਕਈ ਬ੍ਰਹਮੇ ਪੈਦਾ ਕੀਤੇ ਜਾ ਰਹੇ ਹਨ, ਜਿੰਨ੍ਹਾਂ ਦੇ ਕਈ ਰੂਪ, ਰੰਗ ਤੇ ਵੇਸ ਹਨ।

**ਕੇਤੀਆ *ਕਰਮ ਭੂਮੀ ਮੇਰ** ਕੇਤੇ** *ਕੰਮ ਕਰਨ ਦੀਆਂ ਧਰਤੀਆਂ **ਪਰਬਤ
**ਕੇਤੇ ਧੂ* ਉਪਦੇਸ॥** *ਧਰੂ ਭਗਤ
**ਕੇਤੇ ਇੰਦ ਚੰਦ ਸੂਰ ਕੇਤੇ**
**ਕੇਤੇ ਮੰਡਲ ਦੇਸ ॥**
**ਕੇਤੇ ਸਿਧ ਬੁਧ ਨਾਥ ਕੇਤੇ**
**ਕੇਤੇ *ਦੇਵੀ ਵੇਸ ॥** *ਦੇਵੀਆਂ ਦੇ ਪਹਿਰਾਵੇ

ਕਿੰਨੀਆਂ ਧਰਤੀਆਂ, ਕਿੰਨੇ ਮੇਰੂ ਪਰਬਤ, ਕਿੰਨੇ ਧਰੂ ਭਗਤ ਤੇ ਉਹਨਾਂ ਦੇ ਉਪਦੇਸ਼ (sermons) ਹਨ। ਬੇਅੰਤ ਇੰਦਰ ਦੇਵਤੇ, ਕਿੰਨੇ ਚੰਦਰਮਾ, ਕਿੰਨੇ ਸੂਰਜ ਤੇ ਬੇਅੰਤ ਭਵਣ ਚੱਕਰ ਹਨ। ਬੇਅੰਤ ਸਿੱਧ, ਬੁਧਿ ਅਵਤਾਰ, ਨਾਥ ਅਤੇ ਬੇਅੰਤ ਦੇਵੀਆਂ ਦੇ ਪਹਿਰਾਵੇ ਹਨ ।

**ਕੇਤੇ ਦੇਵ ਦਾਨਵ* ਮੁਨਿ** ਕੇਤੇ** *ਰਾਖਸ਼ **ਮੋਨ ਧਾਰੀ
**ਕੇਤੇ ਰਤਨ ਸਮੁੰਦ॥**
**ਕੇਤੀਆ ਖਾਣੀ ਕੇਤੀਆ ਬਾਣੀ**





**ਕੇਤੇ ਪਾਤ* ਨਰਿੰਦ**॥** *ਪਾਤਸ਼ਾਹ **ਰਾਜੇ
**ਕੇਤੀਆ ਸੁਰਤੀ* ਸੇਵਕ ਕੇਤੇ** *ਲਿਵ
**ਨਾਨਕ ਅੰਤੁ ਨ ਅੰਤੁ॥੩੫॥**

ਬੇਅੰਤ ਦੇਵਤੇ ਤੇ ਦੈਂਤ ਹਨ, ਮੁਨੀ ਹਨ, ਬੇਅੰਤ ਪਰਕਾਰ ਦੇ ਰਤਨ ਤੇ ਰਤਨਾਂ ਦੇ ਸਮੁੰਦਰ (oceans of jewels) ਹਨ। ਜੀਵ ਰਚਨਾ ਦੀਆਂ ਬੇਅੰਤ ਖਾਣੀਆਂ (sources of life creation) ਹਨ। ਬੇਅੰਤ ਬਾਣੀਆਂ, ਬੇਅੰਤ ਪਾਤਸ਼ਾਹ ਅਤੇ ਰਾਜੇ ਹਨ। ਬੇਅੰਤ ਪਰਕਾਰ ਦੇ ਧਿਆਨ (types of concentration of mind) ਹਨ, ਜੋ ਜੀਵ ਮਨ ਦੁਆਰਾ ਲਾਂਦੇ ਹਨ।

ਬੇਅੰਤ ਸੇਵਕ ਹਨ। ਹੇ ਨਾਨਕ ! ਇਸ ਦਾ ਕੋਈ ਅੰਤ ਨਹੀਂ ਪੈ ਸਕਦਾ (there is no limit whatsever)।

## {ਪਉੜੀ – ੩੬}

**ਗਿਆਨ ਖੰਡ ਮਹਿ ਗਿਆਨ ਪਰਚੰਡੁ*॥** *ਤੇਜ਼, ਬਲਵਾਨ
**ਤਿਥੈ ਨਾਦ* ਬਿਨੋਦ** ਕੋਡ*** ਅਨੰਦੁ॥** *ਰਾਗ **ਤਮਾਸ਼ੇ ***ਕੌਤਕ

ਗਿਆਨ ਖੰਡ (Realm of knowledge) ਵਿਚ ਗਿਆਨ ਹੀ ਬਲਵਾਨ (spiritual enlightenment shines brighty) ਹੁੰਦਾ ਹੈ। ਇਸ ਅਵਸਥਾ ਵਿਚ ਮਾਨੋ ਸਭ ਰਾਗਾਂ, ਤਮਾਸ਼ਿਆਂ (amusing incidents) ਤੇ ਕੌਤਕ ਦਾ ਸੁਆਦ (immense bliss) ਆ ਜਾਂਦਾ ਹੈ।

**ਸਰਮ* ਖੰਡ ਕੀ ਬਾਣੀ** ਰੂਪੁ॥** *ਮਿਹਨਤ **ਬਨਾਵਟ
**ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ* ॥** *ਬਹੁਤ ਸੋਹਣਾ

ਸਰਮ ਭਾਵ ਮਿਹਨਤ ਵਾਲੀ ਅਵਸਥਾ (Realm of Effort) ਦੀ ਬਨਾਵਟ ਸੁੰਦਰਤਾ ਹੈ ਭਾਵ ਇਸ ਵਿਚ ਆ ਕੇ ਮਨ ਦਿਨੋਂ-ਦਿਨ ਸੋਹਣਾ ਬਣਨਾ ਸ਼ੁਰੂ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਨਵੀਂ ਘਾੜਤ ਦੇ ਕਾਰਨ ਮਨ ਬਹੁਤ ਸੋਹਣਾ ਘੜਿਆ (mind is moulded extremely beautiful) ਜਾਂਦਾ ਹੈ।

**ਤਾ ਕੀਆ ਗਲਾ ਕਥੀਆ ਨਾ ਜਾਹਿ ॥**
**ਜੇ ਕੋ ਕਹੈ ਪਿਛੈ ਪਛੁਤਾਇ॥**

ਉਸ ਅਵਸਥਾ ਦੀਆਂ ਗੱਲਾਂ ਬਿਆਨ ਨਹੀਂ (beyond description) ਕੀਤੀਆਂ ਜਾ ਸਕਦੀਆਂ। ਜੇ ਕੋਈ ਮਨੁੱਖ ਬਿਆਨ ਕਰਦਾ ਹੈ, ਤਾਂ ਪਿਛੋਂ ਪਛਤਾਉਂਦਾ (repent subsequently) ਹੈ ਕਿਉਂਕਿ ਉਹ ਬਿਆਨ ਕਰ ਹੀ ਨਹੀਂ ਪਾਂਦਾ।

**ਤਿਥੈ ਘੜੀਐ ਸੁਰਤਿ ਮਤਿ *ਮਨਿ ਬੁਧਿ॥** — *ਮਨ ਵਿਚ ਜਾਗ੍ਰਤੀ
**ਤਿਥੈ ਘੜੀਐ ਸੁਰਾ *ਸਿਧਾ ਕੀ ਸੁਧਿ ॥੩੬॥** — *ਸਿਧਾਂ ਵਾਲੀ ਅਕਲ

ਉਸ ਮਿਹਨਤ ਵਾਲੀ ਅਵਸਥਾ ਵਿੱਚ ਮਨੁੱਖ ਦੀ ਸੁਰਤਿ ਤੇ ਮਤਿ (inner consciousness and intellect) ਘੜੀ (moulded) ਜਾਂਦੀ ਹੈ ਭਾਵ ਸੁਰਤਿ ਤੇ ਮਤਿ ਉੱਚੀ ਹੋ ਜਾਂਦੀ ਹੈ, ਮਨ ਵਿਚ ਜਾਗ੍ਰਤੀ (mind gets awakened) ਪੈਦਾ ਹੋ ਜਾਂਦੀ ਹੈ। ਸਰਮ ਖੰਡ ਵਿਚ ਦੇਵਤਿਆਂ (pious persons) ਤੇ ਸਿੱਧਾਂ (men of miracles) ਵਾਲੀ ਅਕਲ ਮਨੁੱਖ ਦੇ ਅੰਦਰ ਬਣ ਜਾਂਦੀ ਹੈ।

## {ਪਉੜੀ - ੩੭}

**ਕਰਮ* ਖੰਡ ਕੀ ਬਾਣੀ ਜੋਰੁ**॥** — *ਬਖ਼ਸ਼ਿਸ਼ **ਬਲ, ਤਾਕਤ
**ਤਿਥੈ ਹੋਰੁ ਨ ਕੋਈ ਹੋਰੁ ॥**
**ਤਿਥੈ ਜੋਧ ਮਹਾਬਲ ਸੂਰ॥**
**ਤਿਨ ਮਹਿ ਰਾਮੁ* ਰਹਿਆ ਭਰਪੂਰ॥** — *ਅਕਾਲਪੁਰਖ

ਬਖ਼ਸ਼ਿਸ਼ ਵਾਲੀ ਅਵਸਥਾ (Realm of Grace) ਦੀ ਬਨਾਵਟ ਬਲ ਹੈ ਭਾਵ ਅੰਦਰ ਅਜਿਹਾ ਬਲ ਪੈਦਾ ਹੁੰਦਾ ਹੈ ਕਿ ਵਿਸ਼ੇ-ਵਿਕਾਰ ਆਪਣਾ ਪ੍ਰਭਾਵ ਨਹੀਂ ਪਾ ਸਕਦੇ। ਮਨੁੱਖ ਅੰਦਰ ਅਕਾਲਪੁਰਖ ਤੋਂ ਬਿਨਾ ਕੋਈ ਦੂਜਾ ਰਹਿੰਦਾ ਹੀ ਨਹੀਂ। ਇਸ ਅਵਸਥਾ ਵਿਚ ਪੁੱਜੇ ਜੋਧੇ, ਮਹਾਬਲੀ ਅਤੇ ਸੂਰਮੇ ਹਨ। ਉਹਨਾਂ ਦੇ ਰੋਮ-ਰੋਮ ਵਿਚ (full to the brim) ਅਕਾਲਪੁਰਖ ਵੱਸ ਰਿਹਾ ਹੈ ।

**ਤਿਥੈ *ਸੀਤੋ ਸੀਤਾ ਮਹਿਮਾ ਮਾਹਿ ॥** — *ਪੂਰਨ ਤੌਰ ਤੇ ਸੀਤਾ-ਪ੍ਰੋਤਾ
**ਤਾ ਕੇ ਰੂਪ ਨ ਕਥਨੇ ਜਾਹਿ ॥**
**ਨ ਓਹਿ ਮਰਹਿ ਨ ਠਾਗੇ ਜਾਹਿ ॥**
**ਜਿਨ ਕੈ ਰਾਮੁ ਵਸੈ ਮਨਿ ਮਾਹਿ ॥**

ਉਸ ਬਖ਼ਸ਼ਿਸ਼ ਅਵਸਥਾ ਵਿੱਚ ਮਨ ਨਿਰਮਲ ਅਕਾਲਪੁਰਖ ਦੀ ਵਡਿਆਈ ਵਿਚ






ਸੀਤਾ-ਪ੍ਰੋਤਾ (threaded, absorbed) ਰਹਿੰਦਾ ਹੈ। ਉਹਨਾਂ ਦੇ ਸੋਹਣੇ ਰੂਪ ਵਰਨਣ ਨਹੀਂ ਕੀਤੇ ਜਾ ਸਕਦੇ। ਇਸ ਅਵਸਥਾ ਵਿਚ, ਜਿਨ੍ਹਾਂ ਦੇ ਮਨ ਵਿਚ ਅਕਾਲਪੁਰਖ ਵੱਸਦਾ ਹੈ, ਉਹ ਆਤਮਕ ਮੌਤ ਨਹੀਂ ਮਰਦੇ, ਮਾਇਆ ਉਹਨਾਂ ਨੂੰ ਠੱਗ ਨਹੀਂ (never be cheated) ਸਕਦੀ।

**ਤਿਥੈ ਭਗਤ ਵਸਹਿ *ਕੇ ਲੋਅ॥** — *ਕਈ ਭਵਨਾਂ ਦੇ
**ਕਰਹਿ ਅਨੰਦੁ *ਸਚਾ ਮਨਿ ਸੋਇ ॥** — *ਪ੍ਰਭੂ

ਉਸ ਅਵਸਥਾ ਵਿਚ ਕਈ ਭਵਨਾਂ ਦੇ ਭਗਤ ਜਨ ਵੱਸਦੇ ਹਨ, ਜੋ ਸਦਾ ਖਿੜੇ ਰਹਿੰਦੇ ਹਨ ਕਿਉਂਕਿ ਉਹ ਸੱਚਾ ਅਕਾਲਪੁਰਖ ਉਹਨਾਂ ਦੇ ਮਨ ਵਿੱਚ ਮੌਜੂਦ ਹੈ ।

***ਸਚ ਖੰਡਿ ਵਸੈ ਨਿਰੰਕਾਰੁ॥** — *ਸੱਚ ਖੰਡ ਵਿਚ
***ਕਰਿ ਕਰਿ ਵੇਖੈ **ਨਦਰਿ ਨਿਹਾਲ ॥** — *ਸ੍ਰਿਸ਼ਟੀ ਰਚ ਕੇ **ਨਿਹਾਲ ਕਰਨ ਵਾਲੀ ਨਜ਼ਰ

ਸੱਚ ਖੰਡ (Realm of Truth), ਅਕਾਲ ਪੁਰਖ ਨਾਲ ਇੱਕ ਰੂਪ ਹੋਣ ਵਾਲੀ ਅਵਸਥਾ ਵਿਚ ਮਨੁੱਖ ਦੇ ਅੰਦਰ ਉਹ ਅਕਾਲਪੁਰਖ ਆਪ ਹੀ ਵੱਸਦਾ ਹੈ, ਸ੍ਰਿਸ਼ਟੀ ਨੂੰ ਰਚ-ਰਚ ਕੇ ਮਿਹਰ ਦੀ ਨਜ਼ਰ (merciful glance) ਨਾਲ ਉਸ ਦੀ ਸੰਭਾਲ ਕਰਦਾ ਹੈ ।




**ਤਿਥੈ ਖੰਡ ਮੰਡਲ ਵਰਭੰਡ*॥** — *ਬ੍ਰਹਿਮੰਡ
**ਜੇ ਕੋ ਕਥੈ ਤ ਅੰਤ ਨ ਅਮਤ ॥**
**ਤਿਥੈ ਲੋਅ ਲੋਅ ਆਕਾਰ ॥**
**ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥**
**ਵੇਖੈ ਵਿਗਸੈ* ਕਰਿ ਵੀਚਾਰੁ॥** — *ਖੁਸ਼ ਹੁੰਦਾ ਹੈ
**ਨਾਨਕ ਕਥਨਾ *ਕਰੜਾ ਸਾਰੁ॥੩੭॥** — *ਕਰੜਾ ਜਿਵੇਂ ਲੋਹਾ

ਅਕਾਲਪੁਰਖ ਦੇ ਨਾਲ ਇਕ ਰੂਪ ਹੋਣ ਵਾਲੀ ਅਵਸਥਾ ਵਿਚ ਮਨੁੱਖ ਨੂੰ ਬੇਅੰਤ ਖੰਡ, ਬੇਅੰਤ ਮੰਡਲ ਤੇ ਬੇਅੰਤ ਬ੍ਰਹਿਮੰਡ ਦਿਸਦੇ ਹਨ। ਇਤਨੇ ਬੇਅੰਤ ਕਿ ਜੇ ਕੋਈ ਮਨੁੱਖ ਉਹਨਾਂ ਦਾ ਕਥਨ ਕਰਨ ਲੱਗੇ, ਤਾਂ ਉਹਨਾਂ ਦੇ ਅੰਤ ਨਹੀਂ ਪਾ ਸਕਦੇ ।

ਇਸ ਅਵਸਥਾ ਵਿੱਚ ਬੇਅੰਤ ਭਵਨ ਅਤੇ ਆਕਾਰ ਦਿਸਦੇ ਹਨ, ਜਿਨ੍ਹਾਂ ਸਭਨਾਂ ਵਿਚ ਉਸੇ ਤਰ੍ਹਾਂ ਕਾਰ ਚਲ ਰਹੀ ਹੈ, ਜਿਵੇਂ ਅਕਾਲ ਪੁਰਖ ਦਾ ਹੁਕਮ ਹੁੰਦਾ ਹੈ ਭਾਵ ਇਸ ਅਵਸਥਾ ਵਿਚ ਅੱਪੜ ਕੇ ਮਨੁੱਖ ਨੂੰ ਹਰ ਥਾਂ ਅਕਾਲ ਪੁਰਖ ਦੀ ਰਜ਼ਾ ਵਰਤਦੀ ਦਿੱਸਦੀ ਹੈ।

ਉਸਨੂੰ ਪਰਤੱਖ ਦਿਸਦਾ ਹੈ ਕਿ ਅਕਾਲਪੁਰਖ ਵੀਚਾਰ ਕਰ ਕੇ ਸਭ ਜੀਵਾਂ ਦੀ ਸੰਭਾਲ ਕਰਦਾ ਹੈ ਅਤੇ ਖੁਸ਼ ਹੁੰਦਾ ਹੈ।

ਹੇ ਨਾਨਕ! ਇਸ ਅਵਸਥਾ ਦਾ ਕਥਨ ਕਰਨਾ ਬੜਾ ਹੀ ਔਖਾ ਹੈ, ਭਾਵ ਇਹ ਅਵਸਥਾ ਬਿਆਨ ਨਹੀਂ ਹੋ ਸਕਦੀ, ਅਨੁਭਵ ਹੀ ਕੀਤੀ ਜਾ ਸਕਦੀ ਹੈ ।

## {ਪਉੜੀ – ੩੮}

**ਜਤੁ* ਪਾਹਾਰਾ** ਧੀਰਜੁ ਸੁਨਿਆਰੁ॥** *ਵਿਕਾਰਾਂ ਤੋਂ ਰੋਕਣਾ **ਸੁਨਿਆਰੇ ਦੀ ਦੁਕਾਨ

**ਅਹਰਣਿ ਮਤਿ ਵੇਦੁ* ਹਥੀਆਰੁ**॥** *ਗਿਆਨ **ਹਥੌੜਾ

ਜੇ ਜਤ (chastity) ਰੂਪ ਦੁਕਾਨ ਹੋਵੇ, ਧੀਰਜ (patience) ਸੁਨਿਆਰਾ (goldsmith) ਬਣੇ, ਮਨੁੱਖ ਦੀ ਆਪਣੀ ਮੱਤ ਅਹਰਣਿ (anvil) ਹੋਵੇ, ਉਸ ਮੱਤ–ਅਹਰਣਿ ਉੱਤੇ ਗਿਆਨ (Divine knowledge) ਦਾ ਹਥੌੜਾ ਵੱਜੇ ।

**ਭਉ* ਖਲਾ** ਅਗਨਿ ***ਤਪ ਤਾਉ॥** *ਡਰ **ਧੌਂਕਣੀ ***ਘਾਲ ਘਾਲਣੀ

**ਭਾਂਡਾ* ਭਾਉ** ਅੰਮ੍ਰਿਤ ਤਿਤੁ ਢਾਲਿ॥** *ਕੁਠਾਲੀ **ਪ੍ਰੇਮ


**ਘੜੀਐ ਸਬਦੁ ਸਚੀ ਟਕਸਾਲ*॥** *ਜਿਥੇ ਸਿੱਕੇ ਘੜੇ ਜਾਂਦੇ ਹਨ

ਜੇ ਅਕਾਲਪੁਰਖ ਦਾ ਡਰ ਧੌਂਕਣੀ (bellows) ਹੋਵੇ, ਘਾਲ ਕਮਾਈ (Disciplined Life) ਅੱਗ ਹੋਵੇ, ਪ੍ਰੇਮ (love) ਦੀ ਕੁਠਾਲੀ (melting pot) ਵਿਚ ਅਕਾਲਪੁਰਖ ਦਾ ਅੰਮ੍ਰਿਤ (Nectar) ਨਾਮ ਗਲਾਵੋ। ਇਹੋ ਜਿਹੀ ਹੀ ਸੱਚੀ ਟਕਸਾਲ (True mint) ਵਿਚ ਗੁਰੂ ਦਾ ਸ਼ਬਦ ਘੜਿਆ (Divine Words are minted) ਜਾ ਸਕਦਾ ਹੈ ।





### ਸੱਚੀ ਟਕਸਾਲ (True Mint) ਦੇ ਸੱਤ ਗੁਣ




**ਜਿਨ ਕਉ ਨਦਰਿ* ਕਰਮੁ **ਤਿਨ ਕਾਰ ॥** *ਮਿਹਰ ਦੀ ਨਜ਼ਰ **ਉਹਨਾਂ ਦਾ ਕੰਮ

**ਨਾਨਕ ਨਦਰੀ* ਨਦਰਿ ਨਿਹਾਲ** ॥੩੮॥** *ਮਿਹਰ ਕਰਨ ਵਾਲਾ ਪ੍ਰਭੂ **ਖੁਸ਼

ਇਹ ਚਾਲ ਉਹਨਾਂ ਦੀ ਹੈ, ਜਿਨ੍ਹਾਂ ਉੱਤੇ ਮਿਹਰ ਦੀ ਨਜ਼ਰ ਹੁੰਦੀ ਹੈ, ਬਖ਼ਸ਼ਿਸ਼ ਹੁੰਦੀ ਹੈ। ਹੇ ਨਾਨਕ ! ਉਹ ਅਕਾਲਪੁਰਖ ਦੀ ਕਿਰਪਾ ਦ੍ਰਿਸ਼ਟੀ ਨਾਲ ਨਿਹਾਲ ਹੋ ਜਾਂਦੇ ਹਨ। ਪਰ ਇਹੋ ਜਿਹੀ ਉੱਚੀ ਆਤਮਕ ਅਵਸਥਾ ਤਦੋਂ ਹੀ ਬਣ ਸਕਦੀ ਹੈ, ਜੇ

1. ਆਚਰਨ ਪਵਿੱਤਰ ਹੋਵੇ,
2. ਦੂਜਿਆਂ ਦੀ ਵਧੀਕੀ ਸਹਾਰਨ ਦਾ ਹੌਂਸਲਾ ਹੋਵੇ,
3. ਮਤਿ-ਬੁਧਿ ਹੋਵੇ ਜਿਸ ਤੇ
4. ਗਿਆਨ ਦਾ ਹਥੌੜਾ ਵੱਜਦਾ ਹੋਵੇ,
5. ਪ੍ਰਭੂ ਦਾ ਡਰ ਹਿਰਦੇ ਵਿਚ ਟਿਕਿਆ ਰਹੇ,
6. ਸੇਵਾ ਦੀ ਘਾਲ ਘਾਲੀ ਜਾਏ ਅਤੇ
7. ਦਿਲ ਵਿੱਚ ਸਭਨਾਂ ਲਈ ਪਿਆਰ ਹੀ ਪਿਆਰ ਹੋਵੇ ।

ਇਹਨਾਂ 7 ਗੁਣਾਂ ਦੀ ਸੱਚੀ ਟਕਸਾਲ ਵਿੱਚ ਗੁਰ-ਸ਼ਬਦ ਦੀ ਮੋਹਰ ਘੜੀ ਜਾਂਦੀ ਹੈ।

## ॥ ਸਲੋਕ ॥

**ਪਵਣੁ ਗੁਰੂ ਪਾਣੀ ਪਿਤਾ**
**ਮਾਤਾ ਧਰਤਿ ਮਹਤੁ* ॥** *ਵੱਡੀ
**ਦਿਵਸੁ* ਰਾਤਿ ਦੁਇ ਦਾਈ* ਦਾਇਆ** *ਦਿਨ **ਖਿਡਾਵੀ
**ਖੇਲੈ ਸਗਲ ਜਗਤੁ ॥**

ਪਵਣ ਭਾਵ ਪ੍ਰਾਣ ਸਰੀਰ ਲਈ ਇਉਂ ਹਨ, ਜਿਵੇਂ ਗੁਰੂ ਜੀਵ ਦੀ ਆਤਮਾ ਲਈ ਹੈ, ਪਾਣੀ ਸਭ ਜੀਵਾਂ ਦਾ ਪਿਉ ਧਰਤੀ ਸਭ ਦੀ ਵੱਡੀ ਮਾਂ ਹੈ। ਦਿਨ ਤੇ ਰਾਤ ਦੋਵੇਂ ਖਿਡਾਵਾ ਤੇ ਖਿਡਾਵੀ (male and female nurses) ਹਨ, ਸਾਰਾ ਸੰਸਾਰ ਖੇਡ ਰਿਹਾ ਹੈ ਭਾਵ ਜੀਵ ਰਾਤ ਨੂੰ ਸੌਣ ਵਿੱਚ ਅਤੇ ਦਿਨ ਵੇਲੇ ਕਾਰ-ਵਿਹਾਰ ਵਿੱਚ ਮਸਤ ਹੋਏ ਹਨ।

**ਚੰਗਿਆਈਆ ਬੁਰਿਆਈਆ**
**ਵਾਚੈ* ਧਰਮੁ ਹਦੂਰਿ ॥** *ਪਰਖਦਾ ਹੈ
**ਕਰਮੀ ਆਪੋ ਆਪਣੀ**
**ਕੇ ਨੇੜੈ ਕੇ ਦੂਰਿ ॥**

ਧਰਮਰਾਜ ਅਕਾਲਪੁਰਖ ਦੀ ਹਜ਼ੂਰੀ ਵਿਚ ਜੀਵਾਂ ਦੇ ਕੀਤੇ ਹੋਏ ਚੰਗੇ ਤੇ ਮੰਦੇ ਕੰਮ ਪਰਖਦਾ (examines) ਹੈ। ਆਪੋ-ਆਪਣੇ ਕੀਤੇ ਕਰਮਾਂ ਅਨੁਸਾਰ ਕਈ ਜੀਵ ਪ੍ਰਭੂ ਦੇ ਨੇੜੇ ਹੋ ਜਾਂਦੇ ਹਨ ਅਤੇ ਕਈ ਦੂਰ ਹੋ ਜਾਂਦੇ ਹਨ।

**ਜਿਨੀ ਨਾਮੁ ਧਿਆਇਆ**
**ਗਏ ਮਸਕਤਿ* ਘਾਲਿ** ॥** *ਮਿਹਨਤ **ਸਫ਼ਲੀ ਕਰ ਕੇ
**ਨਾਨਕ ਤੇ ਮੁਖ ਉਜਲੇ**
**ਕੇਤੀ* ਛੁਟੀ** ਨਾਲਿ*** ॥** *ਕਈ **ਮੁਕਤੀ ***ਉਹਨਾਂ ਦੀ ਸੰਗਤ ਵਿਚ

ਹੇ ਨਾਨਕ! ਜਿਨ੍ਹਾਂ ਨੇ ਅਕਾਲਪੁਰਖ ਦਾ ਨਾਮ ਸਿਮਰਿਆ ਹੈ, ਉਹ ਅਪਣੀ ਮਿਹਨਤ ਸਫਲੀ ਕਰ ਗਏ ਹਨ,।ਅਕਾਲਪੁਰਖ ਦੇ ਦਰ 'ਤੇ ਉਹ ਉੱਜਲ ਮੁੱਖ (brilliant faces) ਵਾਲੇ ਹਨ ਅਤੇ ਹੋਰ ਵੀ ਕਈ ਜੀਵ ਉਹਨਾਂ ਦੀ ਸੰਗਤ ਵਿਚ ਰਹਿ ਕੇ ਮਾਇਆ ਦੇ ਬੰਧਨਾਂ ਤੋਂ ਆਜ਼ਾਦ (emancipated) ਹੋ ਗਏ ਹਨ।





# ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ

ਸੰਨ 1980 ਦੇ ਸ਼ੁਰੂ ਦੀ ਗੱਲ ਹੈ। ਦਿੱਲੀ ਵਿਖੇ ਇਕ ਭਰਵੇਂ ਗੁਰਮਤਿ ਸਮਾਗਮ ਸਮੇਂ ਇਕ ਰਾਗੀ ਸਿੰਘ ਕੀਰਤਨ ਕਰਦਿਆਂ ਇਉਂ ਵਖਿਆਨ ਕਰਨ ਲੱਗੇ :

"ਸਾਧ ਸੰਗਤ ਜੀ, ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਇਸ ਸੰਸਾਰ ਨੂੰ ਬ੍ਰਹਮਾ, ਵਿਸ਼ਨੂੰ, ਮਹੇਸ਼ ਚਲਾ ਰਹੇ ਹਨ। ਅਸੀਂ ਰੋਜ਼ ਜਪੁਜੀ ਸਾਹਿਬ ਵਿਚ ਪੜਦੇ ਹਾਂ -

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**
**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥**

ਭਾਵ ਇਕ ਮਾਈ ਸੀ ਜੋ ਜੁਗਤਿ ਨਾਲ ਪ੍ਰਸੂਤ ਹੋਈ, ਉਸਦੇ ਤਿੰਨ ਬੱਚੇ ਹੋਏ। ਉਨ੍ਹਾਂ ਵਿਚ **'ਇਕੁ ਸੰਸਾਰੀ'** ਹੈ ਭਾਵ ਜੋ ਸੰਸਾਰ ਨੂੰ ਜਨਮ ਦੇ ਰਿਹਾ ਹੈ, ਉਤਪਤੀ ਕਰਦਾ ਹੈ। ਇਹ ਬ੍ਰਹਮਾ ਜੀ ਹਨ। **'ਇਕੁ ਭੰਡਾਰੀ'** ਹੈ। ਭੰਡਾਰਾ ਭਾਵ ਭੋਜਨ ਦਿੰਦਾ ਹੈ। ਸਭ ਨੂੰ ਰਿਜਕ ਪਹੁੰਚਾਂਦਾ ਹੈ। ਇਹ ਵਿਸ਼ਨੂੰ ਜੀ ਹਨ। **'ਇਕੁ ਲਾਏ ਦੀਬਾਣ'** ਹੈ ਜੋ ਜੀਵਾਂ ਦੇ ਲੇਖੇ ਲਿਖਦਾ ਹੈ ਤੇ ਮੌਤ ਤੋਂ ਬਾਅਦ ਚੰਗੇ-ਮੰਦੇ ਦੀ ਪਰਖ ਕਰਦਾ ਹੈ। ਇਹ ਸ਼ਿਵ ਜੀ ਹਨ। ਸਾਧ ਸੰਗਤ ਜੀ, ਬੋਲੋ ਜੀ ਵਾਹਿਗੁਰੂ।"

ਸੰਗਤ ਵਿਚ ਬੈਠੇ ਵੀਰਾਂ ਨੂੰ ਇਹ ਗਲ ਹਜ਼ਮ ਨਹੀਂ ਹੋ ਰਹੀ ਸੀ ਕਿ ਇਸ ਸੰਸਾਰ ਦੇ ਕਾਰਜ ਨੂੰ ਬ੍ਰਹਮਾ-ਵਿਸਨੂੰ-ਮਹੇਸ਼ ਚਲਾ ਰਹੇ ਹਨ। ਗੁਰੂ ਸਾਹਿਬ ਤੇ ਅਕਾਲ ਪੁਰਖ ਨੂੰ ਹੀ ਕਰਤਾ-ਭਰਤਾ-ਤੇ ਹਰਤਾ ਦੱਸਦੇ ਹਨ। ਫਿਰ ਇਹ ਤਿੰਨਾਂ ਦੇ ਸੰਕਲਪ ਨੂੰ ਗੁਰੂ ਨਾਨਕ ਦੇਵ ਜੀ ਨੇ ਕਿਵੇਂ ਸਵੀਕਾਰ ਕੀਤਾ।

ਬਾਣੀ 'ਜਪੁ' ਵਿੱਚ ਹੀ ਗੁਰੂ ਨਾਨਕ ਦੇਵ ਜੀ ਆਦੇਸ਼ ਕਰਦੇ ਹਨ ਕਿ ਸਾਡੇ ਲਈ ਸਾਡਾ ਗੁਰੂ ਹੀ ਈਸ਼ਰ (ਸ਼ਿਵ) ਹੈ, ਗੋਰਖ ਹੈ, ਬ੍ਰਹਮਾ ਹੈ ਤੇ ਗੁਰੂ ਹੀ ਸਾਡੇ ਲਈ ਪਾਰਬਤੀ ਮਾਈ ਹੈ। ਸਾਨੂੰ ਕਿਸੇ ਹੋਰ ਵੱਲ ਵੇਖਣ ਦੀ, ਜਾਣ ਦੀ ਲੋੜ ਨਹੀਂ। ਅਕਾਲ ਪੁਰਖ ਸਰਬ ਸ਼ਕਤੀਮਾਨ ਤੇ ਕਰਤਾ ਹੈ। ਪਰ ਦੂਜੇ ਪਾਸੇ ਕੀਰਤਨੀਏ ਭਾਈ ਸਾਹਿਬ ਜੀ ਨੇ ਗੁਰਬਾਣੀ ਦਾ ਫੁਰਮਾਣ ਵੀ ਦੱਸ ਦਿੱਤਾ ਤੇ ਉਸਦੇ ਅਰਥ ਵੀ ਠੀਕ-ਠੀਕ ਕਰ ਦਿੱਤੇ ਹਨ ।

ਕੀ ਗੁਰਬਾਣੀ ਵਿਚ ਅੰਤਰ ਵਿਰੋਧ ਹੈ? ਐਸੀ ਗੰਭੀਰ ਦੁਬਿਧਾ ਹਾਲੀ ਜਾਰੀ ਸੀ ਕਿ

ਕਿਸੇ ਬਜ਼ੁਰਗ ਸੱਜਣ ਨੇ ਇਕ ਸਲਿੱਪ ਕੀਰਤਨੀ ਜਥੇ ਨੂੰ ਆਣ ਦਿੱਤੀ ਤੇ ਜਥੇ ਨੇ ਸਮੇਂ ਤੋਂ ਪਹਿਲਾਂ ਹੀ ਸਮਾਪਤੀ ਕਰ ਦਿੱਤੀ ।

ਇਹ ਬਜ਼ੁਰਗ ਸੱਜਣ ਸਨ ਉਘੇ ਪੰਥਕ ਸਟੇਜੀ ਕਵੀ - ਗਿਆਨੀ ਰਾਮ ਨਰੈਣ ਸਿੰਘ ਜੀ ਦਰਦੀ। ਕੀਰਤਨੀ ਜਥੇ ਤੋਂ ਬਾਅਦ ਇਨ੍ਹਾਂ ਦੀ ਹੀ ਅਗਵਾਈ ਵਿਚ ਕਵੀ ਦਰਬਾਰ ਹੋਣਾ ਸੀ।

ਦਰਦੀ ਸਾਹਿਬ ਨੇ ਕਵੀ ਦਰਬਾਰ ਦੀ ਆਰੰਭਤਾ ਤੋ ਪਹਿਲਾਂ ਕੀਰਤਨੀ ਜਥੇ ਦੀ ਪਾਈ ਦੁਬਿਧਾ ਦਾ ਹੱਲ ਪੇਸ਼ ਕੀਤਾ ਕਿ ਗੁਰਬਾਣੀ ਕਿਤੇ ਵੀ ਬ੍ਰਹਮਾ-ਵਿਸ਼ਨੂੰ-ਮਹੇਸ਼ ਦੀ ਥਿਊਰੀ (ਵਾਰਤਾ -ਸੰਕਲਪ) ਨੂੰ ਨਹੀਂ ਮੰਨਦੀ ।

ਦਰਅਸਲ ਬਾਣੀ 'ਜਪੁ' ਵਿਚੋਂ ਸਾਨੂੰ ਸਮੁੱਚੀ ਗੁਰਬਾਣੀ ਦੀ ਰਚਨਾ ਢੰਗ ਦਾ ਵੀ ਬੋਧ ਹੁੰਦਾ ਹੈ। ਪਾਤਸ਼ਾਹਾਂ ਦਾ ਬਾਣੀ ਢੰਗ ਅਜਿਹਾ ਹੈ:

**1. ਪਹਿਲਾਂ ਪ੍ਰਚਲਿਤ ਗੱਲ ਦਾ ਬਿਆਨ ਕਰਨਾ**
**2. ਫਿਰ ਉਸ ਤੇ ਸੁਆਲ ਕਰਨਾ**
**3. ਉਪਰੰਤ ਉਸ ਦਾ ਜਵਾਬ ਦੇਣਾ**

ਬਾਣੀ 'ਜਪੁ' ਦੇ ਫੁਰਮਾਨ ਤੋਂ ਬਾਅਦ ਦਾ ਫੁਰਮਾਨ **(ਏਕਾ ਮਾਈ ...)** ਕੀ ਹੈ? ਇਹ ਜਾਣਨਾ ਸਚ ਤੱਕ ਪੁੱਜਣ ਲਈ ਜ਼ਰੂਰੀ ਹੈ। ਅਗੋਂ ਫੁਰਮਾਨ ਹੈ -

**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**
**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥**

ਭਾਵ ਅਸਲ ਗੱਲ ਤਾਂ ਇਉਂ ਹੈ ਕਿ ਜਿਵੇਂ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ, ਜਿਵੇਂ ਉਸਦਾ ਹੁਕਮ ਹੁੰਦਾ ਹੈ, ਤਿਵੇਂ ਹੀ ਉਹ ਆਪ ਸੰਸਾਰ ਦੇ ਕਾਰਜ ਚਲਾਂਦਾ ਹੈ। ਇਨ੍ਹਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਹੱਥ ਕੁਝ ਵੀ ਨਹੀਂ ਹੈ। ਫਿਰ ਗੁਰੂ ਸਾਹਿਬ ਬਖ਼ਸ਼ਿਸ਼ ਕਰਦੇ ਹਨ ਕਿ ਇਹ ਬੜਾ ਹੀ ਅਸਚਰਜ ਹੈ, ਕੌਤਕ ਹੈ ਕਿ ਉਹ ਅਕਾਲ ਪੁਰਖ ਸਭ ਜੀਵਾਂ ਨੂੰ ਵੇਖ ਰਿਹਾ ਹੈ ਪਰ ਜੀਵਾਂ ਨੂੰ ਅਕਾਲ ਪੁਰਖ ਨਹੀਂ ਦਿਸਦਾ। ਜੀਵ ਇਹਨਾਂ ਤਿੰਨਾਂ ਨੂੰ ਰਿਝਾਉਣ ਵਿਚ ਲੱਗੇ ਹਨ ਪਰ ਅਸਲ ਕਾਰਜ ਕਰਤਾ ਤਾਂ ਅਕਾਲ ਪੁਰਖ ਹੀ ਹੈ ।

ਸੋ ਬਾਣੀ ਜਪੁ ਵਿਚੋਂ ਗੁਰਬਾਣੀ ਰਚਨਾ ਦਾ ਇਹ ਢੰਗ ਦ੍ਰਿੜ ਕਰਕੇ ਸਮਝ ਲਈਏ।





### ਸੁਰਤਿ ਉੱਚੀ ਕਰਨ ਵਾਲੀਆਂ

## ਅਸੰਖ ਦੀਆਂ 3 ਪਉੜੀਆਂ

**ਜੈਸੀ ਜਾਣਕਾਰੀ ਵੈਸੀ ਸੋਚ।**
**ਜੈਸੀ ਸੋਚ ਵੈਸੇ ਵਿਚਾਰ ।**
**ਵੱਧ ਜਾਣਕਾਰੀ ਵਿਸ਼ਾਲ ਸੋਚ।**
**ਵਿਸ਼ਾਲ ਸੋਚ ਵਧੀਆ ਵਿਚਾਰ।**

ਜਿਵੇਂ ਖੂਹ ਦਾ ਡੱਡੂ ਸੋਚਦਾ ਹੈ ਕਿ ਖੂਹ ਤੋਂ ਵੱਡਾ ਪਾਣੀ ਦਾ ਖਜ਼ਾਨਾ ਹੋਰ ਕਿਤੇ ਹੈ ਹੀ ਨਹੀਂ।

ਕਿਉਂ?

ਕਿਉਂਕਿ ਉਸ ਨੇ ਜੀਵਨ ਭਰ ਖੂਹ ਤੋਂ ਬਾਹਰ ਕਿਤੇ ਜਾ ਕੇ ਜਲ ਦਾ ਨਿਧਿ (ਭੰਡਾਰਾ) ਕਿਤੇ ਵੇਖਿਆ ਹੀ ਨਹੀਂ।

ਕੀ ਡੱਡੂ ਗਲਤ ਸੋਚਦਾ ਹੈ ?

ਸ਼ਾਇਦ ਨਹੀਂ। ਜੇ ਉਸ ਦੀ ਜਾਣਕਾਰੀ ਸੀਮਤ ਹੈ ਤਾਂ ਉਸ ਦੀ ਸੋਚ ਵੀ ਓਨੀ ਹੀ ਹੋਵੇਗੀ। ਨਿਰਣੇ ਵੀ ਓਹੋ ਜਿਹੇ ਹੋਣਗੇ। ਜੇ ਉਸ ਨੇ ਵੱਡੇ-ਵੱਡੇ ਜਲ ਦੇ ਭੰਡਾਰ ਵੇਖੇ ਹੋਣਗੇ ਤਾਂ ਉਹ ਵੱਖਰਾ ਸੋਚੇਗਾ, ਵਿਸ਼ਾਲ ਸੋਚੇਗਾ।

ਕਿਸੇ ਲੇਖਕ ਨੇ ਇਕ ਵਾਰੀ ਲਿਖਿਆ ਸੀ ਕਿ ਜਦ ਮੈਂ ਪਹਿਲੀ ਕਿਤਾਬ ਪੜ੍ਹੀ ਤਾਂ ਮੈਨੂੰ ਲਗਿਆ ਮੈਂ ਹੀ ਇਕੱਲਾ ਵਿਦਵਾਨ ਨਹੀਂ, ਮੇਰੇ ਤੋਂ ਪਹਿਲਾਂ ਇਸ ਕਿਤਾਬ ਦਾ ਲੇਖਕ ਵੀ ਹੈ ਜੋ ਵਿਦਵਾਨ ਸੀ। ਜਦ ਹੋਰ ਦੋ ਕਿਤਾਬਾਂ ਪੜ੍ਹੀਆਂ ਤਾਂ ਸੋਚਦਾ ਹਾਂ ਕਿ ਇਹ ਵੀ ਬੜੇ ਵਿਦਵਾਨ ਹਨ, ਮੇਰੇ ਤੋਂ ਪਹਿਲਾਂ ਹੋਏ ਹਨ ਤੇ ਮੇਰੇ ਤੋਂ ਵਧੀਆ ਸੋਚ ਰੱਖਦੇ ਹਨ। ਜਦ ਉਸ ਨੇ ਹੋਰ ਕਿਤਾਬਾਂ ਪੜ੍ਹੀਆਂ, ਹੋਰ ਪੜ੍ਹੀਆਂ, ਹੋਰ ਪੜ੍ਹੀਆ ਤਾਂ ਕਹਿਣ ਲੱਗਾ ਮੈਂ ਤਾਂ ਬਹੁਤ ਪਿਛੇ ਹਾਂ। ਮੈਂ ਤਾਂ ਕੁਝ ਵੀ ਨਹੀਂ।

ਜਿਹੜਾ ਕਿਸੇ ਵੇਲੇ ਆਪਣੇ ਆਪ ਨੂੰ ਚੋਟੀ ਦਾ ਮੰਨਦਾ ਸੀ ਅੱਜ ਸਭ ਤੋਂ ਨੀਵਾਂ ਤੇ ਤੁਛ ਸਮਝ ਰਿਹਾ ਹੈ।

ਇਹ ਕੀ ਹੈ ? ਜਿਵੇਂ ਹੀ ਸੁਰਤਿ ਉੱਚੀ ਹੁੰਦੀ ਹੈ, ਵੱਧ ਤੋ ਵੱਧ ਜਾਣਕਾਰੀ ਹੁੰਦੀ ਹੈ, ਸੋਚ ਵਿਸ਼ਾਲ ਹੁੰਦੀ ਹੈ ਤੇ ਨਿਰਣੇ ਵਿਸ਼ਾਲ ਹੋ ਜਾਂਦੇ ਹਨ ।

ਬਾਣੀ 'ਜਪੁ' ਵਿਚਲੀਆਂ ਅਸੰਖ ਦੀਆਂ ਤਿੰਨ ਪਉੜੀਆਂ (17ਵੀਂ, 18ਵੀਂ ਤੇ 19

ਵੀਂ) ਭਗਤ ਦੀ ਸੁਰਤਿ ਨੂੰ ਉੱਚਾ ਚੁਕਦੀਆਂ ਹਨ। ਇਹਨਾਂ ਦੀ ਵੀਚਾਰ ਨਾਲ ਮਨ ਤੇ ਬੁਧਿ ਦੀ ਉਡਾਰੀ ਵਿਸ਼ਾਲ ਹੁੰਦੀ ਹੈ। ਪਹਿਲਾਂ ਮਨੁੱਖ ਸਵੈ ਕੇਂਦਰਿਤ ਹੁੰਦਾ ਸੀ ਪਰ ਹੁਣ ਉਹ ਆਪਣੇ ਆਪ ਨੂੰ ਤੁਛ ਜਾਣਦਾ ਹੈ। ਕਾਦਰ ਦੀ ਕੁਦਰਤਿ ਦੀ ਵਿਸ਼ਾਲਤਾ ਦਾ ਅਨੁਭਵ ਮਨ-ਤਨ ਨੂੰ ਸਰਸ਼ਾਰ ਕਰਦਾ ਹੈ ।

**17 ਵੀਂ ਪਉੜੀ** ਅਨੁਸਾਰ ਅਕਾਲ ਪੁਰਖ ਦੀ ਰਚਨਾ ਵਿਚ ਅਣਗਿਣਤ ਜੀਵ

* ਜਪ ਕਰ ਰਹੇ ਹਨ
* ਸ਼ਰਧਾ ਤੇ ਪਿਆਰ ਰੱਖਣ ਵਾਲੇ ਹਨ
* ਪੂਜਾ ਕਰਦੇ ਹਨ
* ਤਪੁ ਸਾਧਦੇ ਹਨ
* ਵੇਦਾਂ ਤੇ ਹੋਰ ਧਾਰਮਿਕ ਗ੍ਰੰਥਾਂ ਦਾ ਮੂੰਹ ਨਾਲ ਪਾਠ ਕਰ ਰਹੇ ਹਨ
* ਯੋਗ, ਸਾਧਨਾ ਕਰਦੇ ਹਨ
* ਮਨ ਵਿੱਚ ਹੀ ਮਾਇਆ ਤੋਂ ਉਪਰਾਮ ਰਹਿੰਦੇ ਹਨ
* ਭਗਤ ਹਨ
* ਗਿਆਨ ਨਾਲ ਗੁਣ ਗਾਇਣ ਕਰਦੇ ਹਨ
* ਦਾਨੀ, ਦਾਤੇ ਤੇ ਸੂਰਮੇ ਹਨ
* ਮੂੰਹ ਤੇ ਵਾਰ ਸਹਿੰਦੇ ਹਨ
* ਮੋਨੀ ਹਨ
* ਇਕ ਰਸ ਬਿਰਤੀ ਜੋੜਦੇ ਹਨ।

**18 ਵੀਂ ਪਉੜੀ** ਵਿਚ ਹੋਰ ਤਰ੍ਹਾਂ ਦੇ ਅਣਗਿਣਤ ਜੀਵਾਂ ਦਾ ਜ਼ਿਕਰ ਹੈ ਜੋ

* ਮੂਰਖ, ਮਹਾਂ ਮੂਰਖ ਹਨ
* ਚੋਰ ਹਨ, ਪਰਾਇਆ ਮਾਲ ਹਜ਼ਮ ਕਰ ਰਹੇ ਹਨ
* ਦੂਜਿਆਂ ਤੇ ਜ਼ੋਰ ਜਬਰ ਹੁਕਮ ਚਲਾ ਰਹੇ ਹਨ
* ਗਲ ਵੱਢ ਕਰ ਰਹੇ ਹਨ
* ਪਾਪੀ ਹਨ, ਪਾਪ ਕਰ ਰਹੇ ਹਨ
* ਝੂਠ ਦੇ ਸੁਭਾਅ ਵਾਲੇ, ਝੂਠ ਵਿਚ ਹੀ ਖਚਿਤ ਹਨ
* ਖੋਟੀ ਬੁਧ ਵਾਲੇ ਹਨ, ਅਖਾਜ ਹੀ ਖਾ ਰਹੇ ਹਨ
* ਨਿੰਦਕ ਹਨ, ਨਿੰਦਾ ਦਾ ਭਾਰ ਚੁਕ ਰਹੇ ਹਨ

ਇਸੇ ਤਰ੍ਹਾਂ **19ਵੀਂ ਪਉੜੀ** ਅਨੁਸਾਰ

* ਜੀਵਾਂ ਦੇ ਬੇਅੰਤ ਨਾਮ ਹਨ, ਥਾਵਾਂ ਤੇ ਟਿਕਾਣੇ ਹਨ
* ਬੇਅੰਤ ਭਵਨਾਂ ਤਕ ਜੀਵਾਂ ਦੀ ਪਹੁੰਚ ਹੀ ਨਹੀਂ ਹੈ
* ਇਹ ਸਭ ਕੁਝ ਅਖਰਾਂ ਰਾਹੀ ਹੀ ਬਿਆਨ ਹੋ ਸਕਦਾ ਹੈ
* ਸਾਰਾ ਸੰਸਾਰ ਨਾਮ ਦਾ ਹੀ ਪਸਾਰਾ ਹੈ

ਇੰਝ ਇਹ ਤਿੰਨ ਪਉੜੀਆਂ ਦੀ ਵਿਚਾਰ, ਜਿਗਿਆਸੂ ਦੀ ਸੁਰਤਿ ਨੂੰ ਉੱਚਾ ਚੁੱਕਦੀ ਹੈ। ਇੰਝ **ਵਧ ਜਾਣਕਾਰੀ ਨਾਲ ਸੋਚ ਵੀ ਵਿਸ਼ਾਲ ਹੁੰਦੀ ਹੈ ਤੇ ਵਿਸ਼ਾਲ ਸੋਚ ਨਾਲ ਮਨ ਦੇ ਫੁਰਨੇ ਵੀ ਉਤਮਤਾ ਵੱਲ ਪ੍ਰੇਰਿਤ ਤੇ ਕੇਂਦਰਿਤ ਹੁੰਦੇ ਹਨ।**





# 'ਜਪੁ' ਵੀਚਾਰ ਦੇ ਪੜਾਅ

ਬਾਣੀ 'ਜਪੁ' ਦੀ ਵੀਚਾਰ ਨੂੰ ਗਹੁ ਨਾਲ ਸਮਝਣ ਤੇ ਕਮਾਉਣ ਲਈ ਹੇਠ ਲਿਖੇ ਪੜਾਵਾਂ ਵਿਚੋਂ ਗੁਜਰਨਾ ਹੋਵੇਗਾ। ਰੋਜਾਨਾ 'ਜਪੁ' ਜੀ ਸਾਹਿਬ ਪਾਠ ਕਰਨਾ, ਕੰਠ ਕਰਨਾ, ਅਰਥ ਵੀਚਾਰਨੇ, ਜੀਵਨ ਕਮਾਉਣਾ।

**1. ਪਾਠ ਕਰਨਾ :** ਮਾਤਾ ਪਿਤਾ ਅਤੇ ਅਧਿਆਪਕਾਂ ਨੂੰ ਬੱਚਿਆਂ ਵਿਚ ਰੋਜ਼ਾਨਾ ਜਪੁਜੀ ਸਾਹਿਬ ਦਾ ਪਾਠ ਕਰਨ ਦੀ ਆਦਤ ਪਾਉਣੀ ਅਤਿ ਜ਼ਰੂਰੀ ਤੇ ਲਾਹੇਵੰਦ ਗੱਲ ਹੈ। ਤੀਜੀ-ਚੌਥੀ ਜਮਾਤ ਦੇ ਬੱਚੇ 5 ਪਉੜੀਆਂ ਸਹਿਜੇ ਹੀ ਪੜ੍ਹ ਲੈਂਦੇ ਹਨ। ਵੱਡੀਆਂ ਕਲਾਸਾਂ ਵਾਲੇ ਸਾਰਾ ਪਾਠ ਰੋਜ਼ਾਨਾ ਕਰ ਸਕਦੇ ਹਨ।

**2. ਕੰਠ ਕਰਨਾ :** ਜਦ ਰੋਜ਼ਾਨਾ ਪਾਠ ਕਰਨ ਦੀ ਆਦਤ ਪੈ ਜਾਵੇਗੀ ਤਾਂ ਸਹਿਜੇ ਸਹਿਜੇ ਬਾਣੀ ਕੰਠ ਹੋਣ ਲਗ ਪੈਂਦੀ ਹੈ। ਛੋਟੀਆਂ ਜਮਾਤਾਂ ਤੋਂ ਹੀ ਬੱਚਿਆਂ ਨੂੰ ਪਹਿਲੀ ਪਉੜੀ, ਪੰਜ ਪਉੜੀਆਂ, 15 ਪਉੜੀਆਂ ...ਇੰਝ ਹੌਲੀ-ਹੌਲੀ ਸਮੁੱਚਾ ਜਪੁਜੀ ਸਾਹਿਬ ਕੰਠ ਕਰਨ ਦੀ ਆਦਤ ਪਾਈਏ।

**3. ਅਰਥ ਵੀਚਾਰਨੇ :** ਜਿਵੇਂ-ਜਿਵੇਂ ਅਰਥ ਵੀਚਾਰਾਂਗੇ, ਪਾਠ ਕਰਨ ਦਾ ਅਨੰਦ ਵਧੇਗਾ। ਚੰਗੀ ਗੱਲ ਤਾਂ ਹੈ ਕਿ ਸ਼ੁਰੂ ਤੋਂ ਹੀ ਹਰ ਪਉੜੀ ਅਨੁਸਾਰ ਅਰਥ ਕਰੀਏ ਤੇ ਕਰਾਈਏ ਪਰ ਵੇਖਣ ਵਿਚ ਆਉਂਦਾ ਹੈ ਕਿ ਜੇਕਰ ਕੁੱਝ ਸੌਖੇ ਫੁਰਮਾਨਾਂ ਨੂੰ ਵਿਚੋਂ-ਵਿਚੋਂ ਵੀ ਵੀਚਾਰਨੇ ਆਰੰਭ ਕਰੀਏ ਤਾਂ ਸਾਰੇ ਪਾਠ ਦੀ ਵੀਚਾਰ ਕਰਨ ਦੀ ਰੁਚੀ ਪ੍ਰਫੁਲਿਤ ਹੁੰਦੀ ਹੈ ।

**4. ਜੀਵਨ ਕਮਾਉਣਾ :** ਕੇਵਲ ਅਰਥ ਵੀਚਾਰ ਤੱਕ ਰੁਕ ਜਾਣਾ ਵੀ ਹਉਮੈ-ਹੰਕਾਰ ਨੂੰ ਸੱਦਾ ਦੇਣ ਵਾਲੀ ਗੱਲ ਹੈ। ਇਸ ਵੀਚਾਰ ਨੂੰ ਜੀਵਨ ਵਿਚ ਕਮਾਉਣਾ ਜ਼ਰੂਰੀ ਹੈ। ਯਤਨ ਕਰੀਏ ਸਾਡਾ ਜੀਵਨ ਵੀ ਜਪੁਜੀ ਸਾਹਿਬ ਅਨੁਸਾਰ ਬਣ ਜਾਵੇ ।

ਮੂੰਹ ਬਾਣੀ ਪੜ੍ਹੇ ਤੇ ਮਨ ਅਰਥ ਵੀਚਾਰੇ। ਸੱਚ ਜਾਣਿਓ, ਅਭਿਆਸ ਕਰਦੇ-ਕਰਦੇ ਵੱਧ ਤੋਂ ਵੱਧ ਪਾਠ ਵਿਚ ਵੀ ਮਨ ਟਿਕਣਾ ਸ਼ੁਰੂ ਹੋ ਜਾਵੇਗਾ। ਇਸ ਦਾ ਅਨੰਦ ਵਿਸਮਾਦੀ ਹੀ ਹੋਵੇਗਾ।

# ਜਪੁ ਸ਼ਬਦਾਵਲੀ
# ਰੋਜ਼ਾਨਾ ਬੋਲਚਾਲ ਦੀ ਸ਼ਬਦਾਵਲੀ ਬਣੇ

ਜਦੋਂ ਗੁਰੂ ਨਾਨਕ ਦੇਵ ਜੀ ਨੇ 'ਜਪੁ' ਬਾਣੀ ਉਚਾਰਨ ਕੀਤੀ ਉਸ ਵੇਲੇ "ਗਾਵੈ ਕੋ ਤਾਣੁ..." ਫੁਰਮਾਨ ਵਿਚ 'ਤਾਣ' ਸ਼ਬਦ ਦੇ ਅਰਥ ਸਭ ਨੂੰ ਸਪੱਸ਼ਟ ਸਨ। ਤਾਕਤ, ਬਲ, ਜ਼ੋਰ ਆਦਿ ਸ਼ਬਦਾਂ ਲਈ ਅਨੇਕ ਲੋਕ 'ਤਾਣੁ' ਸ਼ਬਦ ਦੀ ਵਰਤੋਂ ਕਰਦੇ ਹਨ। ਜਿਵੇਂ:-

ਕਿਨਾ ਕੁ **ਤਾਣ** ਹੈ ਤੇਰਾ, ਵੇਖ ਲਵਾਂਗੇ

ਜਾਂ

ਪਰਮਾਤਮਾ ਤਾਂ ਨਿਤਾਣਿਆਂ ਦਾ **ਤਾਣੁ** ਹੈ।

ਪਰ ਅੱਜ ਇਹ ਤਾਣੁ ਸ਼ਬਦ ਸਾਡੀ ਆਮ ਬੋਲਚਾਲ ਦੀ ਭਾਸ਼ਾ ਵਿਚੋਂ ਵਿਸਰ ਗਿਆ ਹੈ। ਇਸ ਤਰ੍ਹਾਂ ਹੋਰ ਵੀ ਅਨੇਕਾਂ ਅਜਿਹੇ ਸ਼ਬਦ ਹਨ ਜਿਹਨਾਂ ਦੇ ਅਰਥ ਜਾਣਨ ਲਈ ਹੁਣ ਸਾਨੂੰ ਕੋਸ਼ ਜਾਂ ਟੀਕੇ, ਸਟੀਕ ਵੇਖਣ ਦੀ ਲੋੜ ਪੈਂਦੀ ਹੈ।

ਇਕ ਵਿਚਾਰ ਹੈ ਕਿ ਜੇਕਰ ਗੁਰਬਾਣੀ ਵਿਚਲੇ ਅਜਿਹੇ ਸ਼ਬਦ ਜਿਹੜੇ ਕਿਸੇ ਸਮੇਂ ਸਾਡੀ ਆਮ ਬੋਲਚਾਲ ਦਾ ਹਿੱਸਾ ਸਨ ਅੱਜ ਅਸੀਂ ਇਹਨਾਂ ਸ਼ਬਦਾਂ ਨੂੰ ਦੁਬਾਰਾ ਵਰਤਨਾ ਸ਼ੁਰੂ ਕਰ ਦੇਈਏ ਤਾਂ ਯਕੀਨਨ ਸਾਨੂੰ ਬਾਣੀ ਦੇ ਅਰਥ ਸਹਿਜੇ ਹੀ ਸਪੱਸ਼ਟ ਹੋਣੇ ਸ਼ੁਰੂ ਹੋ ਜਾਣਗੇ। ਜਿਵੇਂ

1. ਅੱਜ ਸਵੇਰੇ ਮੈਨੂੰ ਘਰ ਤੋਂ ਨਿਕਲਣ ਲਗਿਆਂ ਮੋਬਾਈਲ ਫੋਨ ਲੈਣਾ **ਵਿਸਰ** ਹੀ ਗਿਆ। (ਭੁੱਲ ਗਿਆ)

2. ਮੈਨੂੰ ਭਰੋਸਾ ਹੈ ਕਿ ਤੁਹਾਡੇ ਕੰਮ ਵਿਚ ਕੋਈ ਵੀ **ਠਾਕ** ਨਹੀਂ ਪਾ ਸਕੇਗਾ। (ਰੋਕ)

3. ਕਈ ਵਾਰ ਸਮਝਾਇਆ ਹੈ ਪਰ ਉਹ ਐਸਾ **ਬੋਲਵਿਗਾੜ** ਹੈ ਕਿ ਹਰੇਕ ਨਾਲ ਲੜਦਾ ਹੀ ਰਹਿੰਦਾ ਹੈ। (ਗਲਤ ਬੋਲਣ ਵਾਲਾ)

4. ਗੱਲ ਇਹ ਨਹੀਂ ਕਿ ਤੁਹਾਡੀ **ਆਰਜਾ** ਕਿੰਨੀ ਹੈ, ਅਸਲ ਗੱਲ ਤਾਂ ਇਹ ਹੈ ਕਿ ਤੁਸੀਂ ਕੰਮ ਕਿਹੋ ਜਿਹੇ ਕੀਤੇ ਹਨ। (ਉਮਰ)

5. ਗੁਰਪ੍ਰਤਾਪ ਸਿੰਘ ਜੀ ਨੇ ਮਿਹਨਤ ਤਾਂ ਬਹੁਤ ਕੀਤੀ ਪਰ **ਵਿਣ ਕਰਮਾ ਕਿ ਮਿਲੈ ਲਈ।** (ਬਿਨਾਂ ਕਿਰਪਾ ਦੇ ਕੀ ਮਿਲ ਸਕਦਾ ਹੈ।)





# 'ਜਪੁ'
# ਰਤਨ, ਜਵਾਹਰ, ਮਾਣਿਕ

ਹੇਠਾਂ 'ਜਪੁ' ਜੀ ਸਾਹਿਬ ਵਿਚੋਂ ਮਨ ਨੂੰ ਟੁੰਬਦੇ ਅਤੇ ਗੁਰਮਤਿ ਵਿਚਾਰਧਾਰਾ ਦੀ ਵਿਆਖਿਆ ਕਰਦੇ ਕੁੱਝ ਰਤਨ-ਜਵਾਹਰ-ਮਾਣਿਕ ਦਰਜ ਹਨ। ਵੱਡੇ ਵਿਦਿਆਰਥੀ ਸਹਿਜੇ ਹੀ ਇਹਨਾਂ ਦੇ ਅਰਥ ਸਮਝ ਕੇ ਅਨੰਦ ਮਾਣ ਸਕਦੇ ਹਨ। ਕੁਝ ਸ਼ਬਦਾਂ ਨੂੰ ਵੱਡੇ ਅਖਰਾਂ ਵਿਚ ਵੀ ਦਰਜ ਕੀਤਾ ਜਾ ਰਿਹਾ ਹੈ - ਇੰਝ ਇਹ ਸਦਾ ਲਈ ਸਾਡੀ ਯਾਦ ਵਿਚ ਉਕਰੇ ਜਾਣਗੇ।

1. **ਹੁਕਮਿ ਰਜਾਈ ਚਲਣਾ**
2. ਨਾਨਕ ਲਿਖਿਆ ਨਾਲਿ
3. **ਹੁਕਮਿ ਮਿਲੈ ਵਡਿਆਈ**
4. ਹੁਕਮੀ ਉਤਮੁ ਨੀਚੁ
5. **ਭਵਹਿ ਨ ਭਿਖ**
6. ਤਿਲ ਕਾ ਮਾਨੁ
7. **ਇਕ ਦੂ ਇਕੁ ਸਿਆਣਾ**
8. ਆਪੇ ਜਾਣੈ ਆਪੁ
9. **ਸਮੁੰਦ ਸਾਹ ਸੁਲਤਾਨ**
10. ਗਿਰਹਾ ਸੇਤੀ ਮਾਲੁ ਧਨੁ
11. **ਕੀੜੀ ਤੁਲਿ ਨ ਹੋਵਨੀ**
12. ਤਿਲੁ ਨ ਤਮਾਇ
13. **ਖਪਿ ਤੁਟਹਿ ਵੇਕਾਰ**
14. ਸਿਫਤਿ ਸਾਲਾਹ
15. **ਪਾਤਿਸਾਹੀ ਪਾਤਿਸਾਹੁ**
16. ਅਮੁਲੋ ਅਮੁਲੁ
17. **ਆਖਿਆ ਨ ਜਾਇ**
18. ਚਿਤਿ ਨ ਆਵਨਿ
19. **ਜਾਇ ਨ ਜਾਸੀ**
20. ਰਹਣੁ ਰਜਾਈ
21. **ਸਗਲ ਜਮਾਤੀ**
22. ਮਨਿ ਜੀਤੈ ਜਗੁ ਜੀਤੁ
23. **ਚੜੀਐ ਹੋਇ ਇਕੀਸ**
24. ਕੂੜੀ ਕੂੜੈ ਠੀਸ
25. **ਉਤਮੁ ਨੀਚੁ ਨ ਕੋਇ**
26. ਕਰਿ ਵੇਖੈ
27. **ਪਵੈ ਨੀਸਾਣੁ**
28. ਨਦਰੀ ਕਰਮਿ
29. **ਅੰਤੁ ਨ ਅੰਤੁ**
30. ਗਿਆਨੁ ਪਰਚੰਡ
31. **ਨਦਰਿ ਨਿਹਾਲ**
32. ਮਹਿਮਾ ਮਾਹਿ
33. **ਵੇਦੁ ਹਥੀਆਰੁ**
34. ਸੀਤੋ ਸੀਤਾ
35. **ਘਾੜਤਿ ਘੜੀਐ**
36. ਕਰਹਿ ਅਨੰਦ
37. **ਖੇਲੈ ਸਗਲ ਜਗਤੁ**
38. ਵਾਚੈ
39. **ਧਰਮੁ ਹਦੂਰਿ**
40. ਆਪੋ ਆਪਣੀ
41. **ਕੇ ਨੇੜੈ ਕੇ ਦੂਰਿ**
42. ਗਏ ਮਸਕਤਿ ਘਾਲਿ
43. **ਤੇ ਮੁਖ ਉਜਲੇ**
44. ਕੇਤੀ ਛੁਟੀ ਨਾਲਿ

# 'ਜਪੁ'
# ਗੁਰਮਤਿ ਵਿਚਾਰਧਾਰਾ ਦਾ ਸੋਮਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੂਲਮੰਤਰ ਉਪਰੰਤ ਆਰੰਭਿਕ ਬਾਣੀ 'ਜਪੁ' ਹੀ ਹੈ। 2 ਸਲੋਕਾਂ ਤੇ 38 ਪਉੜੀਆਂ ਦੀ ਇਹ ਬਾਣੀ ਸਿੱਖ ਜਗਤ ਵਿਚ ਏਨੀ ਪ੍ਰਚਲਿਤ, ਸਤਿਕਾਰਯੋਗ ਅਤੇ ਨਿੱਤ ਦੇ ਨੇਮ ਵਿਚ ਸ਼ਾਮਲ ਹੈ ਕਿ ਇਸ ਦਾ ਨਾਮ 'ਜਪੁਜੀ' ਭਾਵ 'ਜਪੁ' ਜੀ ਸਾਹਿਬ ਪੈ ਗਿਆ ਹੈ ।

'ਜਪੁਜੀ' ਸਾਹਿਬ ਨੂੰ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰ, ਨਿਸ਼ਾਨ ਜਾਂ ਨਿਚੋੜ ਰੂਪ ਮੰਨਿਆ ਗਿਆ ਹੈ। 'ਜਪੁਜੀ' ਬਾਰੇ ਲਿਖਣਾ ਇੰਝ ਹੈ ਜਿਵੇਂ ਸਮੁੱਚੇ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਲਿਖਿਆ ਜਾ ਰਿਹਾ ਹੋਵੇ। ਜਿੰਨਾ ਵੱਧ 'ਜਪੁਜੀ' ਬਾਰੇ ਕਹਿਣ ਦਾ ਯਤਨ ਕਰੀਏ ਓਨੀ ਵੱਧ ਇਹ ਜਾਪਣ ਲੱਗ ਪੈਂਦੀ ਹੈ। ਸਾਰੇ ਸਿਧਾਂਤਾ ਦਾ ਮੂਲ, ਸਾਰੀ ਗੁਰਮਤਿ ਵਿਚਾਰਧਾਰਾ ਦਾ ਸੋਮਾ 'ਜਪੁਜੀ' ਹੈ।

ਜਿਵੇਂ-ਜਿਵੇਂ ਸਾਡੀ ਸੋਚ ਦਾ ਵਿਕਾਸ ਹੁੰਦਾ ਜਾਂਦਾ ਹੈ ਉਵੇਂ-ਉਵੇਂ ਸਾਨੂੰ 'ਜਪੁਜੀ' ਵੱਧ ਸੁਆਦਲੀ ਜਾਪਣ ਲੱਗਦੀ ਹੈ। ਜੇ ਕੋਈ ਗੱਲ ਸਮਝ ਨਹੀਂ ਪੈਂਦੀ ਤਾਂ ਇਹ ਕਹਿਣਾ ਨਹੀਂ ਫ਼ਬਦਾ ਕਿ ਇਹ ਗਲ ਗਲਤ ਹੈ ਜਾਂ ਅਢੁੱਕਵੀਂ ਹੈ ...ਸਗੋਂ ਉਸ ਵੇਲੇ ਸਾਡੀ ਸੋਚ ਏਨੀ ਵਿਕਸਿਤ ਨਹੀਂ ਹੋਈ ਹੁੰਦੀ ਕਿ ਅਸੀਂ ਉਸ ਗੱਲ ਨੂੰ ਸਮਝ ਸਕੀਏ।

ਇਕ ਅਨੁਮਾਨ ਅਨੁਸਾਰ 'ਜਪੁਜੀ' ਦੇ ਹੁਣ ਤੱਕ 200 ਤੋਂ ਵੱਧ ਟੀਕੇ ਹੋ ਚੁੱਕੇ ਹਨ। ਕੁਝ ਟੀਕੇ ਵਿਆਕਰਣਕ ਵਿਆਖਿਆ ਹਨ, ਕੁਝ ਟੀਕੇ ਗੁਰਮਤਿ ਦੀ ਸਿਧਾਂਤਕਾਰੀ ਦੇ ਅਨੁਰੂਪ ਹਨ, ਕੁਝ ਵਿਦਵਾਨਾਂ ਨੇ ਜਪੁਜੀ ਦੀ ਦਾਰਸ਼ਨਿਕ ਦ੍ਰਿਸ਼ਟੀ ਨੂੰ ਰੂਪਮਾਨ ਕੀਤਾ ਹੈ ਤੇ ਕੁਝ ਕੁ ਨੇ ਜਪੁਜੀ ਦੇ ਧਰਮ ਦੀ ਵਿਸਮਾਦੀ ਪ੍ਰਕਿਰਤੀ ਨੂੰ ਰਸਯੁਕਤ ਰੂਪ ਵਿਚ ਪ੍ਰਸਤੁਤ ਕੀਤਾ ਹੈ ।

'ਜਪੁ' ਵਿਚਲੇ ਕੁਝ ਸਿਧਾਂਤ ਇਉਂ ਵਰਨਣ ਕੀਤੇ ਜਾ ਸਕਦੇ ਹਨ ।

**1. ਅਕਾਲ ਪੁਰਖ ਹੋਂਦ ਸਰੂਪ ਅਤੇ ਕਾਰਜ ਸੀਮਾ :**

ਗੁਰਮਤਿ ਵਿਚਾਰਧਾਰਾ ਅਨੁਸਾਰ ਇਸ ਸ੍ਰਿਸ਼ਟੀ ਦਾ ਕਰਤਾ ਮੁੱਢ ਤੋਂ, ਜੁਗਾਂ ਤੋਂ, ਹੁਣ ਵੀ ਅਤੇ ਅੱਗੇ ਤੋਂ ਵੀ 'ਇਕ' ਹੀ ਸੀ ਤੇ 'ਇਕ' ਹੀ ਰਹੇਗਾ। 'ਜਪੁਜੀ' ਦੇ ਪਹਿਲੇ





ਸਲੋਕ ਵਿਚ ਹੀ ਇਹ ਗੱਲ ਸਪੱਸਟ ਸਥਾਪਤ ਕੀਤੀ ਗਈ ਹੈ :

**ਆਦਿ ਸਚੁ॥ ਜੁਗਾਦਿ ਸਚੁ॥**
**ਹੈ ਭੀ ਸਚੁ॥ ਨਾਨਕ ਹੋਸੀ ਭੀ ਸਚੁ॥** **(ਪਉੜੀ-੧)**

ਅਤੇ

**ਸਭਨਾ ਜੀਆਂ ਕਾ ਇਕੁ ਦਾਤਾ**
**ਸੋ ਮੈ ਵਿਸਰਿ ਨ ਜਾਈ॥** **(ਪਉੜੀ-੭)**

ਅਕਾਲ ਪੁਰਖ ਦੇ ਸਰੂਪ ਬਾਰੇ ਗੁਰੂ ਸਾਹਿਬ ਨੇ ਫੁਰਮਾਨ ਕੀਤਾ ਹੈ :

**ਥਾਪਿਆ ਨ ਜਾਇ ਕੀਤਾ ਨਾ ਹੋਇ॥** **(ਪਉੜੀ-੫)**
**ਆਪੇ ਆਪਿ ਨਿਰੰਜਨੁ ਸੋਇ॥**

ਉਹ 'ਗੁਣੀ ਨਿਧਾਨ' , ਵੇਪਰਵਾਹ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਦਾ ਹੈ ਅਤੇ ਉਸ ਦਾ ਭਰਣ-ਪੋਖਣ ਕਰਦਾ ਹੈ ।

**ਦੇਦਾ ਦੇ ਲੈਦੇ ਥਕਿ ਪਾਹਿ॥**
**ਜੁਗਾ ਜੁਗੰਤਰਿ ਖਾਹੀ ਖਾਹਿ॥** **(ਪਉੜੀ-੩)**
**ਕਰਿ ਕਰਿ ਵੇਖੈ ਸਿਰਜਣਹਾਰ॥** **(ਪਉੜੀ ੩੧)**

ਐਸੇ 'ਸੱਚੇ' ਦੀ 'ਸੱਚੀ ਕਾਰ' ਦਾ ਬਿਆਨ ਕਥਨਾ ਕਰੜਾ ਸਾਰ ਹੈ। ਉਹ ਆਪੇ ਹੀ ਆਪਣੇ ਸਰੂਪ ਨੂੰ ਜਾਣਦਾ ਹੈ। ਉਸ ਜਿਹਾ ਵੱਡਾ ਹੀ ਉਸ ਦੀ ਵਡਿਆਈ ਵਰਨਣ ਕਰ ਸਕਦਾ ਹੈ –

**ਕਿਵ ਕਰਿ ਆਖਾ ਕਿਵ ਸਾਲਾਹੀ...**
**ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ॥** **(ਪਉੜੀ ੨੧)**
**ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥** **(ਪਉੜੀ ੨੨)**
**ਅੰਤੁ ਨ ਸਿਫਤੀ ਕਹਣਿ ਨ ਅੰਤ॥** **(ਪਉੜੀ ੨੪)**
**ਏਤੇ ਕੀਤੇ ਹੋਰਿ ਕਰੇਹਿ॥**
**ਤਾ ਆਖਿ ਨ ਸਕਹਿ ਕੇਈ ਕੇਇ॥** **(ਪਉੜੀ ੨੬)**

ਅਕਾਲ ਪੁਰਖ ਦੇ ਸਰੂਪ ਸਬੰਧੀ ਗੁਰਮਤਿ ਦਾ ਗਤੀਸ਼ੀਲ ਅਤੇ ਸੁਚੇਤ ਦ੍ਰਿਸ਼ਟੀਕੋਣ ਜਪੁਜੀ ਵਿਚ ਸਥਾਪਿਤ ਕੀਤਾ ਗਿਆ ਹੈ, ਇਸ ਦਾ ਮੁਕਾਬਲਾ ਦੁਨੀਆਂ ਦੀ ਕੋਈ ਵੀ ਵਿਚਾਰਧਾਰਾ ਜਾਂ ਸਾਹਿਤਕ ਰਚਨਾ ਨਹੀਂ ਕਰ ਸਕਦੀ। ਇਹ ਰਸ ਭਰੀ ਰੂਹਾਨੀ ਦਾਰਸ਼ਨਿਕਤਾ ਹੈ ਜਿਸ ਦਾ ਠਹਿਰਾਉ ਅਤੇ ਵਾਸਾ ਸਚਿਆਰ ਮਨੁੱਖ ਦੇ ਹਿਰਦੇ ਅੰਦਰ ਹੁੰਦਾ ਹੈ ।

ਭਾਵੇਂ ਇਹ ਗੱਲ ਹਾਸੇ ਵਿਚ ਹੀ ਕਹੀ ਜਾਂਦੀ ਹੈ ਕਿ ਬੰਦੇ ਨੇ ਅਕਾਲ ਪੁਰਖ ਦੇ ਸਰੂਪ ਘੜ-ਘੜ ਕੇ ਏਨੀਆਂ ਮੂਰਤਾਂ ਬਣਾ ਦਿਤੀਆਂ ਹਨ ਕਿ ਰੱਬ ਨੂੰ ਵੀ ਇਹ ਲੱਭਣਾ ਮੁਸ਼ਕਿਲ ਹੋ ਗਿਆ ਹੈ ਕਿ ਮੈਂ ਕਿਹੜੀ ਮੂਰਤ ਵਿਚ ਹਾਂ? ਇਹ ਵੀ ਕਿਹਾ ਜਾਂਦਾ ਹੈ ਕਿ ਬੰਦੇ ਨੇ ਰੱਬ ਦੀਆਂ ਏਨੀਆਂ ਸ਼ਕਲਾਂ ਬਣਾ ਕੇ ਉਸ ਤੋਂ ਬਦਲਾ ਲਿਆ ਹੈ ਕਿ ਉਸ ਨੇ ਵੀ ਏਨੀਆਂ ਸ਼ਕਲਾਂ ਵਾਲੇ ਮਨੁੱਖ ਪੈਦਾ ਕੀਤੇ ਹਨ। ਗੁਰਮਤਿ ਸ੍ਰਿਸ਼ਟੀ ਨੂੰ ਚਲਾਉਣ ਹਿੱਤ ਵੱਖ-ਵੱਖ ਦੇਵਤਿਆਂ ਦੀ ਹੋਂਦ ਨੂੰ ਨਹੀਂ ਮੰਨਦੀ।

ਸਾਰੀ ਗੁਰਬਾਣੀ ਉਪਦੇਸ਼ ਕਰਦੀ ਹੈ ਕਿ ਜਗਤ ਦਾ ਜਨਮਦਾਤਾ, ਰਿਜਕਦਾਤਾ ਅਤੇ ਮੁਕਤਿਦਾਤਾ ਇਕ ਅਕਾਲਪੁਰਖ ਹੀ ਹੈ, ਬ੍ਰਹਮਾ, ਵਿਸ਼ਨੂੰ ਜਾਂ ਸ਼ਿਵ ਨਹੀਂ।

**ਏਕਾ ਮਾਈ ... (ਪਉੜੀ -੩੦)**

### 2. ਸ੍ਰਿਸ਼ਟੀ ਦੀ ਉਤਪਤੀ ਤੇ ਵਿਸ਼ਾਲਤਾ :

ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ, ਕਿਵੇਂ ਹੋਈ-ਇਸ ਦਾ ਪਤਾ ਲਗਾਉਣਾ ਜਾਂ ਇਸ ਦੀ ਵਿਸ਼ਾਲਤਾ ਦਾ ਅੰਤ ਪਾਉਣਾ ਸੰਭਵ ਨਹੀਂ। ਉਸ ਅਕਾਲਪੁਰਖ ਦੇ ਹੁਕਮ ਵਿਚ ਹੀ ਇਹ ਆਕਾਰ ਉਤਪੰਨ ਹੋਏ ਹਨ ਅਤੇ ਸਾਰਾ 'ਪਾਸਾਓ' ਉਸਦੇ ਇਕ 'ਕਵਾਉ' (ਹੁਕਮ) ਨਾਲ ਹੀ ਹੋਇਆ ਹੈ-

**ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ॥ (ਪਉੜੀ-੨)**
**ਕੀਤਾ ਪਸਾਉ ਏਕੋ ਕਵਾਉ॥ (ਪਉੜੀ-੧੬)**
**ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥**
**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥ (ਪਉੜੀ ੨੧)**

ਭਾਵੇਂ 'ਜਪੁ' ਵਿਚ ਕਾਦਰ ਦੀ ਕਾਇਨਾਤ ਦੇ ਪਸਾਰੇ ਦਾ ਵਰਨਣ ਹੈ ਪਰ ਉਸ ਦਾ ਅੰਤ ਪਾਉਣ ਦਾ ਦਾਵਾ ਨਹੀਂ ਕੀਤਾ ਗਿਆ ਹੈ ਅਤੇ ਨਾ ਹੀ ਗੁਰਮਤਿ ਵਿਚਾਰਧਾਰਾ ਐਸਾ ਮਨੋਰਥ ਰੱਖਣ ਦੀ ਹਮਾਇਤੀ ਹੈ ।

**ਕੇਤੀਆ ਕਰਮ ਭੂਮੀ ਮੇਰ ਕੇਤੇ, ਕੇਤੇ ਧੂ ਉਪਦੇਸ॥**
**ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ॥ (ਪਉੜੀ ੩੫)**
**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ (ਪਉੜੀ ੨੨)**
**ਕਰਤੇ ਕੈ ਕਰਣੈ ਨਾਹੀ ਸੁਮਾਰੁ॥ (ਪਉੜੀ ੧੬)**
**ਏਹੁ ਲੇਖਾ ਲਿਖਿ ਜਾਣੈ ਕੋਇ॥**
**ਲੇਖਾ ਲਿਖਿਆ ਕੇਤਾ ਹੋਇ॥**





**ਕੇਤਾ ਤਾਣੁ ਸੁਆਲਿਹੁ ਰੂਪੁ॥**
**ਕੇਤੀ ਦਾਤਿ ਜਾਣੈ ਕੌਣੁ ਕੂਤੁ॥ (ਪਉੜੀ ੧੬)**

ਇਹ ਸ੍ਰਿਸ਼ਟੀ ਕਿਸੇ ਭੌਤਿਕ ਆਧਾਰ ਤੇ ਨਹੀਂ ਖੜੀ ਸਗੋਂ ਧਰਮ ਹੀ ਇਸ ਦਾ ਆਸਰਾ ਹੈ - **ਧੌਲੁ ਧਰਮੁ ਦਇਆ ਕਾ ਪੂਤੁ॥ (ਪਉੜੀ ੧੬)**

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਬਹੁਤ ਸਾਰੇ ਵਿਗਿਆਨੀਆਂ ਨੇ ਧਰਤੀ ਦੀ ਹੋਂਦ ਅਤੇ ਵਿਕਾਸ ਬਾਰੇ ਵੱਖ-ਵੱਖ ਸਿਧਾਂਤ ਦਿੱਤੇ ਹਨ ਅਤੇ ਹੁਣ ਵੀ ਖੋਜ ਜਾਰੀ ਹੈ। ਗੁਰਮਤਿ ਇਸ ਖੋਜ ਦੇ ਵਿਰੁੱਧ ਨਹੀਂ ਪਰ ਜੇ ਕੋਈ ਅਕਾਲ ਪੁਰਖ ਦੀ ਪ੍ਰਾਪਤੀ ਲਈ ਇਹੀ ਸਮਝੇ ਕਿ ਸ੍ਰਿਸ਼ਟੀ ਦੀ ਉਤਪਤੀ ਜਾਂ ਵਿਸ਼ਾਲਤਾ ਬਾਰੇ ਜਾਣ ਕੇ ਹੀ ਉਸ ਨੂੰ ਅਕਾਲ ਪੁਰਖ ਦੀ ਪ੍ਰਾਪਤੀ ਹੋਵੇਗੀ ਤਾਂ ਇਹ ਨਿਸ਼ਚੇ ਹੀ ਉਸ ਦੀ ਭੁੱਲ ਹੋਵੇਗੀ ।

ਗਿਆਨ ਖੰਡ ਦੀ ਸੁਰਤ-ਬੋਧ ਹੋਣ ਤੇ ਕੁਦਰਤ ਦੀ ਵਿਸ਼ਾਲਤਾ ਦਾ ਅਨੁਭਵ ਹੋ ਜਾਂਦਾ ਹੈ। ਆਤਮ ਵਿਗਿਆਨੀਆਂ ਨੂੰ ਰੂਹਾਨੀਅਤ ਦੇ ਰਸਤਿਆਂ ਅਤੇ ਭੌਤਿਕ ਵਿਗਿਆਨੀਆਂ ਨੂੰ ਵਿਗਿਆਨਿਕ ਖੋਜ ਦੇ ਰਸਤੇ ਉਹੋ ਅਨੁਭਵ ਹੋਣ ਦੀ ਪ੍ਰਵਿਰਤੀ ਰਹੇਗੀ ਜਿਸਦੀ ਸਿਖਰ ਜਪੁਜੀ ਵਿਚ ਬਿਆਨੀ ਗਈ ਹੈ ।

### 3. ਧਰਮ ਦੇ ਭਰਮਿਕ ਰੂਪਾਂ ਦਾ ਖਮਡਨ :

ਗੁਰਬਾਣੀ ਵਿਚ ਅਨੇਕਾਂ ਥਾਵਾਂ ਤੇ ਵਹਿਮਾਂ, ਭਰਮਾਂ, ਕਰਮ ਕਾਂਡਾਂ, ਪਾਖੰਡਾਂ ਅਤੇ ਲੋਕ ਪ੍ਰਚਾਰਾਂ ਦਾ ਖੰਡਨ ਕੀਤਾ ਗਿਆ ਹੈ। 'ਜਪੁਜੀ' ਵਿੱਚ ਵੀ ਬੀਜ ਰੂਪ ਵਿੱਚ ਐਸੇ ਅਨੇਕ ਵਰਨਣ ਮਿਲਦੇ ਹਨ-

**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥**
**ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥**
**ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥**
**ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥ (ਪਉੜੀ -੧)**

- **ਤੀਰਥਿ ਨਾਵਾ ਜੇ ਤਿਸੁ ਭਾਵਾ ... (ਪਉੜੀ-੬)**
- **ਅੰਤਰਗਤਿ ਤੀਰਥਿ ਮਲਿ ਨਾਉ॥ (ਪਉੜੀ -੨੧)**
- **ਤੀਰਥੁ ਤਪੁ ਦਇਆ ਦਤੁ ਦਾਨੁ॥**
  **ਜੇ ਕੋ ਪਾਵੈ ਤਿਲ ਕਾ ਮਾਨੁ॥ (ਪਉੜੀ-੨੧)**

ਗੁਰਮਤਿ, ਸੰਸਾਰ ਦੀ ਕਾਰ ਚਲਾਉਣ ਹਿੱਤ ਵੱਖ-ਵੱਖ ਦੇਵੀ ਦੇਵਤਿਆਂ ਦੀ ਹੋਂਦ ਨੂੰ ਵੀ ਸਵੀਕਾਰ ਨਹੀਂ ਕਰਦੀ। ਸਾਡੇ ਲਈ ਸਾਡਾ ਗੁਰੂ ਹੀ ਈਸਰ, ਗੋਰਖ, ਬ੍ਰਹਮਾ ਅਤੇ ਪਾਰਵਤੀ ਹੈ।

ਉਹ ਅਕਾਲ ਪੁਰਖ ਆਪ ਹੀ ਮਾਇਆ, ਬਾਣੀ ਅਤੇ ਬ੍ਰਹਮਾ ਰੂਪ ਹੈ - ਉਸੇ ਨੂੰ ਨਮਸਕਾਰ ਹੈ -

**ਸੁਅਸਤਿ ਆਥਿ ਬਾਣੀ ਬਰਮਾਉ॥ (ਪਉੜੀ-੨੧)**

ਅਕਾਲ ਪੁਰਖ ਦੀ ਪ੍ਰਾਪਤੀ ਜੰਗਲਾਂ ਵਿਚ ਜਾ ਕੇ ਜਾਂ ਤਪ ਆਦਿ ਕਰਕੇ ਨਹੀਂ ਹੋਣੀ, ਸਗੋਂ ਸਰੀਰ ਰੂਪੀ ਭਾਂਡੇ ਵਿਚ ਹੀ 'ਵਸਤੁ' ਸਮੋਈ ਹੋਈ ਹੈ ।

**ਮਤਿ ਵਿਚਿ ਰਤਨ ਜਵਾਹਰ ਮਾਣਿਕ॥**

**ਜੇ ਇਕ ਗੁਰ ਕੀ ਸਿਖ ਸੁਣੀ॥ (ਪਉੜੀ- ੬)**

**4. ਮਨੁਖ ਦੇ ਪ੍ਰਕਾਰ, ਪ੍ਰਕਿਰਤੀ ਅਤੇ ਕਾਰਜ :**

ਪ੍ਰਭੂ ਦੀ ਹੋਂਦ ਬਾਰੇ ਯਕੀਨ ਰੱਖਣ ਵਾਲੇ ਮਨੁੱਖ ਆਸਤਕ ਕਹੇ ਜਾਂਦੇ ਹਨ ਤੇ ਦੂਜੇ ਨਾਸਤਕ। 'ਜਪੁ' ਦੀ ਬਾਣੀ ਵਿਚ ਜਿਥੇ ਉਹਨਾਂ ਆਸਤਕਾਂ ਦਾ ਜ਼ਿਕਰ ਹੈ ਜੋ ਰੱਬ ਨੂੰ 'ਹਾਦਰਾ ਹਦੂਰ' ਮੰਨਦੇ ਹਨ ਉਥੇ ਐਸੇ ਆਸਤਕ ਵੀ ਹਨ ਜਿਹਨਾਂ ਨੂੰ ਅਕਾਲ ਪੁਰਖ ਦੂਰ ਜਾਪਦਾ ਹੈ।

**ਗਾਵੈ ਕੋ ਜਾਪੈ ਦਿਸੈ ਦੂਰਿ ॥ (ਪਉੜੀ-੩)**

ਅਕਾਲ ਪੁਰਖ ਦੀ ਰਚਨਾ ਵਿਚ ਅਣਗਿਣਤ ਜੀਵ ਚੰਗੇ ਤੇ ਮੰਦੇ ਕਾਰਜ ਕਰ ਰਹੇ ਹਨ। ਅਣਗਿਣਤ ਹੀ ਜਪੁ, ਤਪੁ, ਪੂਜਾ, ਪ੍ਰੇਮ, ਪਾਠ, ਵੀਚਾਰ ਆਦਿ ਕਰ ਰਹੇ ਹਨ। ਦੂਜੇ ਪਾਸੇ ਅਸੰਖ ਅੰਧਘੋਰ ਮੂਰਖ, ਹਰਾਮਖੋਰ, ਕੁੜਿਆਰ, ਮਲੇਛ, ਨਿੰਦਕ ਤੇ ਪਾਪੀ ਵੀ ਹਨ। ਅਸੰਖ ਹੀ ਧੱਕੇ ਨਾਲ ਆਪਣਾ ਹੁਕਮ ਮੰਨਵਾ-ਮੰਨਵਾ ਕੇ ਇਸ ਸੰਸਾਰ ਤੋਂ ਕੂਚ ਕਰ ਚੁੱਕੇ ਹਨ।

**ਅਸੰਖ ਅਮਰ ਕਰਿ ਜਾਹਿ ਜੋਰ (ਪਉੜੀ ੧੮)**

ਬੇਅੰਤ ਸੂਰਮੇ ਅਤੇ ਕਈ ਹੋਰ ਅਕਾਲ ਪੁਰਖ ਦੇ ਦਰ ਤੇ ਮੰਗਤੇ ਹਨ ਜੋ ਪਦਾਰਥ ਪ੍ਰਾਪਤ ਕਰਕੇ ਵੀ ਨਾਸ਼ੁਕਰੇ ਹਨ। ਪਰ ਦੂਜੇ ਪਾਸੇ 'ਕੇਈ ਕੇਇ' ਐਸੇ ਵੀ ਹਨ ਜਿਹਨਾਂ ਦਾ ਰੋਮ ਰੋਮ ਸ਼ੁਕਰਾਨੇ ਵਿਚ ਅਰਜੋਈ ਕਰਦਾ ਹੈ -

**ਆਪੇ ਜਾਣੈ ਆਪੇ ਦੇਇ॥ (ਪਉੜੀ -੨੫)**

ਅਕਾਲ ਪੁਰਖ ਦੇ ਬੇਅੰਤ ਸੇਵਕ ਹਨ ਜੋ ਬੇਅੰਤ ਪ੍ਰਕਾਰ ਦੇ ਧਿਆਨ ਧਾਰ ਕੇ ਉਸ ਨੂੰ ਯਾਦ ਕਰਦੇ ਹਨ :

**ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥ (ਪਉੜੀ -੩੫)**

ਕਿਸੇ ਰੰਗ ਵਿਚ ਬੈਠਾ ਮਨੁੱਖ ਉਪਰੋਕਤ ਵਿਭਿੰਨਤਾ ਤੇ ਵਿਸ਼ਾਲਤਾ ਨੂੰ ਦੇਖ ਕੇ ਜੱਦ ਹੈਰਾਨ- ਪਰੇਸ਼ਾਨ ਹੁੰਦਾ ਹੈ ਤਾਂ 'ਜਪੁਜੀ' ਦਾ ਅਮਰ ਸੰਦੇਸ਼ **'ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥'** ਉਸ ਨੂੰ ਵਿਚਲਿਤ ਨਹੀਂ ਹੋਣ ਦੇਂਦਾ। ਸਗੋਂ ਜਿਗਿਆਸੂ ਭਗਤ ਇਸ ਦਾ ਆਨੰਦ ਮਾਣਦਾ ਹੈ ਤੇ ਇਹਨਾਂ ਵੱਖ-ਵੱਖ ਤਰ੍ਹਾਂ ਦੇ ਮਨੁੱਖਾਂ ਦੇ ਵਰਣਨ ਵਿਚ ਆਪਣੀ





ਸਥਿਤੀ ਨੂੰ ਜੋਖਣ ਦਾ ਉਪਰਾਲਾ ਕਰਦਾ ਹੈ ਅਤੇ ਉਸ ਤੋਂ ਉਚੇਚੇ ਆਦਰਸ਼ ਦੀ ਪ੍ਰਾਪਤੀ ਲਈ ਯਤਨਸ਼ੀਲ ਹੁੰਦਾ ਹੈ ।

'ਜਪੁ' ਬਾਣੀ ਅਨੁਸਾਰ ਇਸ ਧਰਤੀ ਤੇ ਕੋਈ ਵੀ ਨਾਸਤਕ ਨਹੀਂ ਹੋ ਸਕਦਾ ਕਿਉਂਕਿ ਜੇਤੀ ਇਹ ਸ੍ਰਿਸ਼ਟੀ ਪੈਦਾ ਕੀਤੀ ਹੋਈ ਹੈ ਤੇਤੀ 'ਨਾਉ' ਹੈ ਅਤੇ ਨਾਮ ਤੋਂ ਬਿਨਾਂ ਕੋਈ ਥਾਉ ਨਹੀਂ ਹੈ। ਕੋਈ ਐਸਾ ਹਿਰਦਾ ਨਹੀਂ ਜਿਥੇ ਨਾਮ ਨਹੀਂ ਵਸਦਾ।

**ਜੇਤਾ ਕੀਤਾ ਤੇਤਾ ਨਾਉ॥ ਵਿਣੁ ਨਾਵੈ ਨਾਹੀ ਕੋ ਥਾਉ॥ (ਪਉੜੀ -੧੯)**

ਮਨੁੱਖ ਰੱਬ ਨੂੰ ਮੰਨੇ ਭਾਵੇਂ ਨਾ, ਪਰ ਰੱਬ ਉਸ ਨੂੰ ਜ਼ਰੂਰ ਮੰਨਦਾ ਹੈ ਤੇ ਉਸ ਵਿਚ ਵਸਦਾ ਹੈ।

**5. ਸ਼ਬਦ - ਗੁਰੂ ਦਾ ਸਿਧਾਂਤ :**

ਗੁਰਮਤਿ ਸ਼ਬਦ ਦੇ 'ਪਰਚੇ' ਵਿਚ ਯਕੀਨ ਰੱਖਦੀ ਹੈ। ਇਹ ਸਾਡਾ ਪ੍ਰਧਾਨ ਸਿਧਾਂਤ ਹੈ। ਗੁਰੂ ਨਾਨਕ ਸਾਹਿਬ ਨੇ ਸਿੱਧਾਂ ਨੂੰ **'ਸ਼ਬਦ ਗੁਰੂ ਸੁਰਤਿ ਧੁਨਿ ਚੇਲਾ'** ਦੀ ਹੀ ਜਾਣਕਾਰੀ ਦਿੱਤੀ ਹੈ। 'ਜਪੁ' ਵਿੱਚ ਵੀ ਇਹ ਵਿਚਾਰ ਇਸ ਤਰਾਂ ਪੇਸ਼ ਕੀਤਾ ਹੈ -

- **ਪੰਚਾ ਕਾ ਗੁਰੁ ਏਕੁ ਧਿਆਨੁ ॥ (ਪਉੜੀ-੧੬)**
- **ਅਖਰੀ ਨਾਮੁ ਅਖਰੀ ਸਾਲਾਹ॥**

**ਅਖਰੀ ਗਿਆਨੁ ਗੀਤ ਗੁਣ ਗਾਹ॥ (ਪਉੜੀ -੧੯)**

ਸਾਖਰਤਾ ਮੁਹਿੰਮ ਲਈ ਵੀ **'ਅਖਰੀ ਲਿਖਣੁ ਬੋਲਣੁ ਬਾਣਿ'** ਇਕ ਢੁੱਕਵਾਂ ਨਾਅਰਾ (slogan) ਹੈ। ਨਾ ਉਸ ਦਾਤਾਰ ਦੇ ਅੱਗੇ ਕੁੱਝ ਰੱਖਣ ਨਾਲ ਦਰਬਾਰ ਦਿੱਸਦਾ ਹੈ ਤੇ ਨਾ ਹੀ ਮੂੰਹੋਂ ਕੁੱਝ ਬੋਲਣ ਨਾਲ ਉਹ ਸਾਡੇ ਨਾਲ ਪਿਆਰ ਕਰੇਗਾ ਸਗੋਂ ਅੰਮ੍ਰਿਤ ਵੇਲੇ ਉਸ ਦੀਆਂ ਵਡਿਆਈਆਂ ਦੀ ਵੀਚਾਰ ਨਾਲ ਹੀ ਪ੍ਰਾਪਤੀ ਹੋਣੀ ਹੈ। ਸ਼ਬਦ ਗੁਰੂ ਦੇ ਰਾਹੀਂ ਹੀ ਨਾਮ ਅਤੇ ਗਿਆਨ ਦੀ ਪ੍ਰਾਪਤੀ ਹੋਣੀ ਹੈ-

**ਗੁਰਮੁਖਿ ਨਾਦੰ ਗੁਰਮੁਖਿ ਵੇਦੰ ... (ਪਉੜੀ -੫)**

ਹੱਥ ਪਾਣੀ ਨਾਲ ਅਤੇ ਮੂਤ - ਪਲੀਤੇ ਕੱਪੜੇ ਸਾਬਣ ਨਾਲ ਧੋਏ ਜਾਂਦੇ ਹਨ ਪਰ ਜੇ 'ਮਤਿ' ਪਾਪਾਂ ਨਾਲ ਭਰੀ ਜਾਏ ਤਾਂ ਉਸ ਨੂੰ ਨਾਮ ਦੇ ਸਾਬਣ ਨਾਲ ਧੋਇਆ ਜਾ ਸਕਦਾ ਹੈ -

**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥ (ਪਉੜੀ-੨੦)**

**6. ਜੀਵਨ ਮਨੋਰਥ :**

ਗੁਰਮਤਿ ਅਨੁਸਾਰ ਮਨੁੱਖੀ ਜੀਵਨ ਦਾ ਮਨੋਰਥ ਅਕਾਲ ਪੁਰਖ ਜਾਂ ਉਸ ਦੀ ਬਣਾਈ ਸ੍ਰਿਸ਼ਟੀ ਦਾ ਅੰਤ ਪਾਉਣਾ ਨਹੀਂ ਹੈ ਅਤੇ ਨਾ ਹੀ ਕੋਈ ਮਨੁੱਖ ਇਸ ਦਾ ਅੰਤ ਪਾ ਸਕਦਾ ਹੈ। ਉਸ

ਦੀ ਕੁਦਰਤ ਦਾ ਲੇਖਾ ਨਹੀਂ ਲਿਖਿਆ ਜਾ ਸਕਦਾ ।

**ਲੇਖਾ ਲਿਖਿਆ ਕੇਤਾ ਹੋਇ ॥ (ਪਉੜੀ -੧੬)**

**ਅੰਤੁ ਨ ਸਿਫਤੀ ਕਹਣਿ ਨ ਅੰਤੁ ॥ (ਪਉੜੀ-੨੪)**

ਸਾਡਾ ਜੀਵਨ ਮਨੋਰਥ ਪ੍ਰਭੂ ਦੀ ਸਿਫਤ ਸਾਲਾਹ ਹੈ ਅਤੇ ਇਹ ਹੀ ਸਭ ਤੋਂ ਵੱਡੀ ਪਾਤਸ਼ਾਹੀ ਹੈ :-

**ਜਿਸ ਨੋ ਬਖਸੇ ਸਿਫਤਿ ਸਾਲਾਹ ॥**

**ਨਾਨਕ ਪਾਤਿਸਾਹੀ ਪਾਤਿਸਾਹੁ ॥ (ਪਉੜੀ-੨੫)**

**7. ਗਾਇਨ ਜਾਂ ਸੰਗੀਤਕ ਬਿਰਤੀਆਂ ਦੀ ਘਾੜਤ :**

ਸੋਦਰੁ ਦੀ ਪਉੜੀ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਦਾ ਸੁਰ ਮੰਡਲ, ਗਾਇਨ-ਪ੍ਰਵਿਰਤੀ ਵਿਚ ਬੜਾ ਹੀ ਨਿਸ਼ਚਾ ਹੈ। ਗੁਰਮਤਿ ਸੰਗੀਤ ਦਾ ਸਰੋਤ ਜਪੁਜੀ ਦੀ ਇਹ ਪਉੜੀ ਹੀ ਬਣਦੀ ਹੈ ਜਿਸ ਵਿਚ

**ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥**

**ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥**

**ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ**

**ਗਾਵੈ ਰਾਜਾ ਧਰਮੁ ਦੁਆਰੇ ॥ ... (ਪਉੜੀ -੨੭)**

**8. ਨਦਰਿ -ਕਰਮ ਦਾ ਸਿਧਾਂਤ :**

ਗੁਰਮਤਿ ਕੁਕਰਮੀਆਂ ਜਾਂ ਪਾਪੀਆਂ ਨੂੰ ਇਹ ਲਾਲਚ ਦੇ ਕੇ ਨਹੀਂ ਬੁਲਾਉਂਦੀ ਕਿ ਤੁਹਾਡੇ ਸਾਰੇ ਪਾਪ ਮਾਫ਼ ਕਰ ਦਿੱਤੇ ਜਾਣਗੇ ਜੇਕਰ ਤੁਸੀਂ ਗੁਰੂ ਦੀ ਸ਼ਰਨ ਵਿਚ ਆ ਜਾਉਗੇ। ਇਹ ਤਾਂ **'ਆਪੇ ਬੀਜੁ ਆਪੇ ਹੀ ਖਾਹੁ'** ਦੇ ਸਿਧਾਂਤ ਤੇ ਪਹਿਰਾ ਦੇਂਦੀ ਹੈ। ਇਸ ਦਾ ਭਾਵ ਇਹ ਵੀ ਨਹੀਂ ਲਿਆ ਜਾ ਸਕਦਾ ਕਿ ਗੁਰੂ ਦੀ ਸ਼ਰਨ ਪਿਆਂ ਭੁੱਲਾਂ ਨਹੀਂ ਬਖਸ਼ਾਈਆਂ ਜਾ ਸਕਦੀਆਂ।

**'ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ'** ਦੇ ਹੁਕਮ ਅਨੁਸਾਰ ਕੋਈ ਅਕਾਲਪੁਰਖ ਦੇ ਨੇੜੇ ਹੋ ਜਾਂਦਾ ਹੈ ਤੇ ਕੋਈ ਦੂਰ। ਮੰਦਕਰਮੀ ਮਨੁੱਖ ਜੇ ਦੁਬਾਰਾ ਸੱਚੇ ਮਨ ਨਾਲ ਸਤਸੰਗਤਿ ਵਿਚ ਜੁੜੇ, ਸੁਕਰਮ ਕਰੇ, ਅਨਦਿਨ ਸੁਕ੍ਰਿਤ ਕਰੇ ਅਤੇ ਜੇ ਉਸ ਤੇ ਨਦਰਿ ਹੋ ਜਾਵੇ ਤਾਂ ਨਿਸ਼ਚੈ ਹੀ ਉਸ ਤੇ ਬਖਸ਼ਿਸ਼ ਹੰਦੀ ਹੈ। ਬਿਨਾਂ 'ਨਦਰਿ' ਦੇ ਤਾਂ ਕੇਵਲ ਨਿਰੀ ਝੂਠੀ ਗੱਪ ਵਾਲੀ ਅਵਸਥਾ ਹੁੰਦੀ ਹੈ -

**ਨਾਨਕ ਨਦਰੀ ਪਾਈਐ, ਕੂੜੀ ਕੂੜੈ ਠਸਿ ॥**

**9. ਜੀਵਨ ਦ੍ਰਿਸ਼ਟੀ ਤੇ ਵਿਗਾਸ ਪ੍ਰਕਿਰਤੀ ਦੀ ਉਸਾਰੀ :**

ਸਾਰੀ ਗੁਰਮਤਿ ਸੋਚ ਉਸਾਰੂ ਅਤੇ ਆਸ਼ਾਵਾਦੀ ਹੈ। ਇਸ ਵਿੱਚ ਜੀਵਨ ਸੰਘਰਸ਼ ਤੋਂ





'ਭੱਜਣ' ਦਾ ਨਹੀਂ ਸਗੋਂ 'ਭਜਨ' ਰਾਹੀ ਘੋਲ ਘੁਲਣ ਅਤੇ ਸਫਲ ਹੋਣ ਦਾ ਉਪਦੇਸ਼ ਹੈ। ਨਾਮ ਬਾਣੀ ਦੇ ਅਭਿਆਸ ਸਦਕਾ ਸਦਾ ਖੇੜੇ ਵਿਚ ਰਹਿਣ ਦਾ ਸੰਦੇਸ਼ ਹੈ -

**ਨਾਨਕ ਭਗਤਾ ਸਦਾ ਵਿਗਾਸੁ ॥ (ਪਉੜੀ -੮)**

ਗੁਰਮਤਿ ਅਕਾਲ ਪੁਰਖ ਦੇ ਭਾਣੇ ਵਿਚ ਰਹਿਣ ਦਾ ਹੁਕਮ ਕਰਦੀ ਹੈ। ਸਾਡੀਆਂ ਛਾਲਾਂ ਮਾਰਨੀਆਂ ਸਭ ਵਿਅਰਥ ਹਨ ਜੋ ਕਰਤੇ ਨੇ ਕਰਨਾ ਹੈ ਓਹੀ ਹੋਣਾ ਹੈ ਤੇ ਓਹੀ ਭਲੀਕਾਰ ਹੈ ਜੋ ਉਸ ਨੂੰ ਭਾਵੇ :

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥ (ਪਉੜੀ-੧੬)**

ਇਥੇ ਇਹ ਵੀ ਭਾਵ ਨਹੀਂ ਹੈ ਕਿ ਗੁਰਮਤਿ ਵਿਹਲੜਪੁਣੇ ਦੀ ਮੁਦੱਈ ਹੈ। ਸਗੋਂ 'ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ' ਸਾਡੇ ਤਿੰਨ ਮੁੱਢਲੇ ਅਸੂਲ ਹਨ। ਸ਼ਬਦ ਘੜਨ ਦੀ ਸੱਚੀ ਟਕਸਾਲ ਵਿਚ ਜਤ, ਧੀਰਜ, ਮਤਿ, ਵੇਦ, (ਗਿਆਨ), ਭਉ, ਭਾਉ ਦੀ ਗੱਲ ਹੈ ਉਥੇ ਨਾਲ ਹੀ ਤਪਤਾਉ ਭਾਵ ਮਿਹਨਤ ਕਰਨਾ ਵੀ ਜ਼ਰੂਰੀ ਹੈ। ਕਿਰਤ ਦੀ ਅਗਨੀ ਤੋਂ ਬਿਨਾਂ ਸ਼ਬਦ ਦੀ ਘਾੜਤ ਕਿਵੇਂ ਘੜੀ ਜਾ ਸਕਦੀ ਹੈ ? ਭਾਵੇਂ ਸਾਰੇ ਸਦਗੁਣ ਹੋਣ ਫਿਰ ਵੀ ਕਿਰਤ ਕਰਨੀ ਅਤਿ ਜ਼ਰੂਰੀ ਹੈ।

ਗੁਰਮਤਿ ਵਿਚਾਰਧਾਰਾ 'ਦੁੱਖਾਂ' ਨੂੰ ਜੀਵਨ ਦਾ ਜ਼ਰੂਰੀ ਅੰਗ ਮੰਨਦੀ ਹੈ। ਜਦੋਂ ਲਗਾਤਾਰ ਮਿਲੀ ਸੁੱਖਾਂ ਦੀ ਸੇਜ ਦੁਖਦਾਈ ਬਣ ਜਾਂਦੀ ਹੈ ਤਾਂ 'ਦੁਖ' ਇਕ ਦਾਰੂ ਦਾ ਕੰਮ ਦੇਂਦਾ ਹੈ। ਹੋਰ ਤਾਂ ਹੋਰ ਗੁਰਬਾਣੀ ਦੁੱਖ ਵਿਚ ਵੀ ਸੁੱਖ ਮਾਨਣ ਦਾ ਉਪਦੇਸ਼ ਦ੍ਰਿੜਾਉਂਦੀ ਹੈ। 'ਜਪੁਜੀ' ਵਿਚ ਰੋਜ਼ਾਨਾ ਇਹ ਜੋਦੜੀ ਕੀਤੀ ਜਾਂਦੀ ਹੈ ਕਿ ਇਕ-ਦੋ ਜਾਂ ਦਸ ਵੀਹ ਦੁੱਖ ਨਹੀਂ ਸਗੋਂ ਕਿੰਨੇ ਹੀ ਦੁੱਖ, ਭੁੱਖ ਤੇ ਸਦਮਾਰਾਂ ਕਿਉਂ ਨਾ ਆ ਘੇਰਣ, ਇਹ ਵੀ ਅਕਾਲ ਪੁਰਖ ਦੀ ਦਾਤ ਹੀ ਮੰਨੀਏ-

**ਕੇਤਿਆ ਦੂਖ ਭੂਖ ਸਦ ਮਾਰ ॥**

**ਏਹਿ ਭਿ ਦਾਤਿ ਤੇਰੀ ਦਾਤਾਰ ॥ (ਪਉੜੀ -੨੫)**

ਦੁਖ-ਸੁਖ ਵਿਚ 'ਸਦਾ ਮਨ ਚਾਉ' ਬਣਿਆ ਰਹਿਣਾ ਹੀ 'ਜਪੁਜੀ ਤੇ ਗੁਰਬਾਣੀ ਦੇ ਕੇਂਦਰੀ ਉਪਦੇਸ਼ਾਂ ਵਿਚੋਂ ਇਕ ਹੈ। ਸਿੱਖ ਜੀਵਨ ਸਹਿਜ ਦਾ ਜੀਵਨ ਹੈ, ਚੜ੍ਹਦੀ ਕਲਾ ਵਿਚ ਰਹਿਣ ਦਾ ਜੀਵਨ ਹੈ। ਜਪੁਜੀ ਦੇ ਉਪਰ ਦਿੱਤੇ ਉਪਦੇਸ਼ ਸਾਡੇ ਲਈ ਦੁਖਦਾਈ ਝਟਕੇ ਸਹਿਣ ਯੰਤਰ (shock absorber) ਦਾ ਕੰਮ ਦੇਂਦੇ ਹਨ।

**ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ (ਪਉੜੀ -੨)**

- ਗਾਵਣ, ਸੁਣਨ ਅਤੇ ਮਨ ਵਿਚ ਪ੍ਰੇਮ ਭਾਵ ਦੀ ਉਪਾਸਨਾ ਕਰਕੇ ਸੁਖਾਂ ਦਾ ਵਾਸ ਹੁੰਦਾ ਹੈ

**ਗਾਵੀਐ ਸੁਣੀਐ ਮਨਿ ਰਖੀਐ ਭਾਉ ॥**

**ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ (ਪਉੜੀ -੫)**

ਮਨੁੱਖੀ ਹੀਰੇ ਦੀ ਘਾੜਤ ਵਿਚ ਸਭ ਤੋਂ ਵਧ ਵਿਆਪਕ ਤੌਰ ਤੇ ਚੰਬੜਿਆ ਰੋਗ ਹਉਮੈ ਦਾ ਹੈ। ਹਉਮੈ ਦਾ ਇਸ ਦੇ ਸਮਾਨ ਅਰਥਕ ਸ਼ਬਦ ਕਈ ਹਜ਼ਾਰ ਵਾਰ ਗੁਰਬਾਣੀ ਵਿਚ ਆਏ ਹਨ। ਡਾ: ਜਸਵੰਤ ਸਿੰਘ ਨੇਕੀ ਅਨੁਸਾਰ ਸ਼ਾਇਦ ਇਤਨੀ ਵਾਰ ਕਈ ਵੱਡੇ ਮੁੱਖ ਸੰਕਲਪ ਨਾਮ, ਹੁਕਮ, ਮਾਇਆ, ਕਾਲ, ਨਦਰ ਆਦਿ ਵੀ ਨਹੀਂ ਆਏ। ਜਪੁਜੀ ਵਿਚ ਹਉਮੈ ਦੀ ਦੁਰਗਤਿ ਦਾ ਅੰਦਾਜ਼ਾ ਸਤਵੀਂ ਪਉੜੀ ਤੋਂ ਸਹਿਜੇ ਹੀ ਲਿਆ ਜਾ ਸਕਦੈ।

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥( ਪਉੜੀ -੭)**

ਭਾਵੇਂ ਕਿੰਨੀ ਲੰਮੀ ਉਮਰ ਹੋ ਜਾਵੇ ਤੇ ਨੌ ਖੰਡਾਂ ਦੇ ਲੋਕ ਸ਼ਰਧਾਲੂ ਅਤੇ ਆਗਿਆਕਾਰ ਬਣ ਜਾਣ ਤਾਂ ਵੀ ਹੇ ਮੂੜੇ ਮਨੁੱਖ, ਜੇ ਪਾਤਸ਼ਾਹ ਦੀ ਨਦਰ ਨਹੀਂ ਹੋਈ ਤਾਂ ਉਸ ਦੇ ਦਰਬਾਰ ਵਿਚ **ਕੀਟਾ ਅੰਦਰ ਕੀਟ**, ਇਕ ਮਾਮੂਲੀ ਕੀਟ ਜਿਹਾ ਹੋਵੇਂਗਾ ਤੇ ਕਿਸੇ ਨੇ ਤੇਰੀ ਵਾਤ ਵੀ ਨਹੀਂ ਪੁਛਣੀ। ਹਉਮੈ ਨੂੰ ਦੂਰ ਕਰਨ ਦਾ ਸਭ ਤੋਂ ਵਧੀਆ ਢੰਗ ਉਸ ਅਕਾਲ ਪੁਰਖ ਦੇ ਹੁਕਮ ਨੂੰ ਸਮਝਣਾ ਹੀ ਹੈ ।

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ( ਪਉੜੀ-੨)**

ਸਾਡੀ ਕੋਈ ਵਡਿਆਈ ਨਹੀਂ, ਕੋਈ ਗੁਣ ਨਹੀਂ, ਸਭ ਉਸੇ ਦਾਨੇ-ਬੀਨੇ ਦਾਤੇ ਦੀ ਹੀ ਦੇਣ ਹੈ ।

**ਸਭਿ ਗੁਣ ਤੇਰੇ ਮੈ ਨਾਹੀ ਕੋਇ॥**

**ਵਿਣੁ ਗੁਣ ਕੀਤੇ ਭਗਤਿ ਨ ਹੋਇ॥ (ਪਉੜੀ -੨੧)**

**10. ਮਨੁੱਖੀ ਏਕਤਾ ਤੇ ਵਿਸ਼ਵ ਸ਼ਾਂਤੀ :**

ਰਾਸ਼ਟਰੀ ਏਕਤਾ ਦੀ ਗੱਲ ਤਾਂ ਸਕੁੰਚਿਤ ਧਾਰਨਾ ਹੈ। ਗੁਰਮਤਿ ਮਨੁੱਖੀ ਏਕਤੇ ਦੀ ਗੱਲ ਕਰਦੀ ਹੈ ਕਿਉਂਕਿ ਇਹ ਇਕ ਅਕਾਲ ਪੁਰਖ ਤੋਂ ਹੀ ਸਭ ਦੀ ਉਤਪਤੀ ਮੰਨਦੀ ਹੈ ।

'ਜਪੁ' ਵਿਚ ਮਨੁੱਖੀ ਏਕਤਾ ਵਿਸ਼ਵ ਸ਼ਾਂਤੀ ਦਾ ਸੰਦੇਸ਼ ਹੈ ਜੋ ਕਿ ਗੁਰਮਤਿ ਵਿਚਾਰਧਾਰਾ ਦਾ ਆਧਾਰ ਹੈ। 'ਸਗਲ ਜਮਾਤੀ' ਦਾ ਉਪਦੇਸ਼ ਕੇਵਲ ਜੋਗੀਆਂ ਲਈ ਹੀ ਨਹੀਂ ਸਗੋਂ ਮਨੁੱਖ ਮਾਤਰ ਲਈ ਹੈ। ਸਭਨਾਂ ਨੂੰ ਆਪਣਾ ਮਿੱਤਰ ਤੇ ਸੰਗੀ ਜਾਣੋ। ਜੇ ਕੋਈ ਵੀ ਅਮੀਰ-ਗਰੀਬ, ਕਿਸੇ ਵੀ ਜਾਤ ਧਰਮ-ਫਿਰਕੇ-ਇਲਾਕੇ, ਰੰਗ-ਰੂਪ ਵਾਲਾ ਵਿਅਕਤੀ 'ਨਾਮ' ਨੂੰ ਧਿਆਏਗਾ ਉਹ **'ਮਸਕਤਿ ਘਾਲਿ'** ਲੈ ਜਾਵੇਗਾ।

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥ (ਸਲੋਕ)**

ਇਹ ਕੇਵਲ ਸਿੱਖਾਂ ਲਈ ਹੀ ਨਹੀਂ ਸਗੋਂ ਸਮੁੱਚੀ ਮਨੁੱਖਤਾ ਲਈ ਹੈ। 'ਪੰਚ ਪਰਵਾਣੁ' ਹੋਣ ਲਈ ਕਿਸੇ ਵੱਖਰੇ ਧਰਮ ਦਾ ਅਨੁਯਾਈ ਹੋਣਾ ਜਰੂਰੀ ਨਹੀਂ। ਸਭਨਾਂ ਜੀਆਂ ਦਾ ਇਕ ਹੀ





ਦਾਤਾ ਹੈ ਤੇ ਉਹ ਹੀ ਸਭਨਾਂ ਦੀ ਸਾਰ ਕਰ ਰਿਹਾ ਹੈ। 'ਜਪੁ' ਦਾ ਇਹ ਸਿਧਾਂਤ ਗੁਰੂ ਸਾਹਿਬ ਨੇ ਜੀਵਿਆ ਹੈ ਤੇ ਪਰਚਾਰਿਆ ਹੈ। ਇਹ ਕਹਿਣਾ ਕਿ ਕੇਵਲ ਸਿੱਖਾਂ ਨੂੰ ਹੀ ਅਕਾਲ ਪੁਰਖ ਦੀ ਪ੍ਰਾਪਤੀ ਹੋ ਸਕਦੀ ਹੈ ਹੋਰਨਾਂ ਧਰਮਾਂ ਵਾਲਿਆਂ ਨੂੰ ਨਹੀਂ-ਇਹ ਸੌੜੀ ਸੋਚ ਦਾ ਸਿੱਟਾ ਹੈ ।

**11. ਅੰਤਿਕਾ :**

ਇੰਝ ਇਹ ਕਿਹਾ ਜਾ ਸਕਦਾ ਹੈ ਕਿ ਜਪੁਜੀ ਸਾਹਿਬ ਸਾਰੇ ਗੁਰਮਤਿ ਸਿਧਾਂਤਾਂ ਦਾ ਸਰੋਤ ਹੈ। ਜੇ ਕੋਈ 'ਜਪੁ' ਜੀ ਨੂੰ ਗਹੁ ਨਾਲ ਵਾਚ ਤੇ ਵਿਚਾਰ ਲਵੇ ਉਸ ਨੂੰ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ਾ ਵਸਤੂ ਅਤੇ ਸਿਧਾਂਤ ਬਾਰੇ ਚਾਨਣਾ ਹੋ ਜਾਵੇਗਾ। ਜਪੁਜੀ ਨੂੰ ਨਿਤਨੇਮ ਵਿਚ ਪੜ੍ਹਣ ਤੇ ਰਟਨ ਕਰਨ ਦਾ ਮੰਤਵ ਇਸ ਦੀ ਮਕਾਨਕੀ (mechanically) ਕਰਨਾ ਨਹੀਂ ਸਗੋਂ ਗੁਰਮਤਿ ਦੀ ਵਿਚਾਰਧਾਰਾ ਨੂੰ ਗ੍ਰਹਿਣ ਕਰਨ ਲਈ ਜਪੁਜੀ ਨੂੰ ਨਿਤ ਨਿਤ ਭੁੰਚਨਾ, ਸਮਝਣਾ ਤੇ ਇਸ ਨੂੰ ਅਨੁਭਵ ਦਾ ਹਿੱਸਾ ਬਨਾਉਣਾ ਹੀ ਸਿੱਖ ਦੇ ਨਿਤਨੇਮ ਦਾ ਉਦੇਸ਼ ਹੈ।

ਜਪੁਜੀ ਦੇ ਸਬੰਧ ਵਿਚ ਕੋਈ ਅੰਤਲੇ ਸ਼ਬਦ ਕਹਿ ਦੇਣੇ, ਐਸੀ ਕਿਸ ਦੀ ਕੁਦਰਤ ਨਹੀਂ ਹੈ। ਜਿੰਨਾ ਵੀ ਕਹਿ ਲਈਏ, ਸਭ ਕੁਝ ਨਹੀਂ ਕਹਿ ਸਕਦੇ।

ਇਹ ਨਿਮਾਣਾ ਜਿਹਾ ਕਾਰਜ, ਇਕ ਨਮਸਕਾਰ ਹੈ, ਸੁਅਸਤਿ ਹੈ, ਆਦੇਸ ਹੈ, ਉਸ ਵੱਡੀ ਵਡਿਆਈ ਵਾਲੇ ਅਕਾਲਪੁਰਖ ਨੂੰ, ਜਪੁਜੀ ਨੂੰ ਤੇ 'ਜਪੁ' ਦੇ ਕਰਤੇ ਗੁਰੂ ਨਾਨਕ ਨੂੰ। ਇਨ੍ਹਾਂ ਸਤਰਾਂ ਦੀ ਲੋਚਾ ਇਹੋ ਲੱਭਣ ਤੇ ਦੱਸਣ ਦੀ ਹੈ ਕਿ ਗੁਰਮਤਿ ਦੀ ਬੁਲੰਦ ਵਿਚਾਰਧਾਰਾ ਦਾ ਆਧਾਰ ਜਪੁਜੀ ਵਰਗੀ ਗੁਰੂ ਨਾਨਕ ਦੀ ਸ਼ਾਹਕਾਰ ਬਣੀ ਹੈ ਜੋ ਸਿਖੀ ਸਿਧਾਂਤਾਂ ਦਾ ਮੁੱਖ ਸਰੋਤ ਹੈ। ਇਹ ਇਕ ਹੋਰ ਉਪਰਾਲਾ ਹੈ ਜਪੁਜੀ ਨੂੰ ਸਮਝਣ ਸਮਝਾਵਣ ਦਾ। ਅਰਥ ਬੋਧ ਤੋਂ ਸਿਧਾਂਤ ਦੀ ਸੁਧ ਲੈ ਸਕੀਏ ਇਹ ਜੋਦੜੀ ਕਰਨੀ ਜੀਵ ਨੂੰ ਫੱਬਦੀ ਹੈ।

ਆਓ !
**ਰੋਜ਼ਾਨਾ**
**ਸਹਿਜ ਪਾਠ**
ਕਰੀਏ ਤੇ ਵੀਚਾਰੀਏ

## ਮੁਕਾਬਲਿਆਂ ਲਈ
## ਕੁਝ ਮਾਡਲ ਸੁਆਲ

**1. ਫੁਰਮਾਨ ਪੂਰੇ ਕਰੋ...**

1. ਜੀਅ ਜਾਤਿ ਰੰਗਾ ਕੇ ਨਾਵ ॥ ............................... ॥
2. ਬਹੁਤਾ ਕਰਮ ਲਿਖਿਆ ਨਾ ਜਾਇ ॥ ........................... ॥

**2. ਖਾਲੀ ਥਾਵਾਂ ਤੇ ਅਰਥ ਭਰੋ:-**

1. ਤਾਣ : ..................
2. ਅਸੰਖ : ..................

**3. ਸੰਖੇਪ ਉੱਤਰ ਦਿਉ।**

1. ਪ੍ਰਮਾਤਮਾ ਆਪ ਹੀ ਜੀਵਾਂ ਦੀਆਂ ਲੋੜਾਂ ਨੂੰ ਜਾਣਦਾ ਹੈ ਤੇ ਆਪ ਹੀ ਉਹਨਾਂ ਨੂੰ ਦਾਤਾਂ ਦਿੰਦਾ ਹੈ। ਇਸ ਸਬੰਧੀ 'ਜਪੁ' ਜੀ ਸਾਹਿਬ ਵਿਚੋਂ ਇਕ ਫੁਰਮਾਨ ਲਿਖੋ।
2. ਮੰਨੇ ਤੇ ਮੰਨੈ ਵਿਚ ਕੀ ਅੰਤਰ ਹੈ?

**4. ਆਪਣੇ ਸ਼ਬਦਾਂ ਵਿਚ ਦੱਸੋ?**

1. ਜਪੁਜੀ ਸਾਹਿਬ ਦਾ ਪਾਠ ਤੇ ਵੀਚਾਰ ਕਰਨ ਉਪਰੰਤ ਆਪ ਜੀ ਨੂੰ ਕੀ-ਕੀ ਪਤਾ ਲੱਗਾ?
2. ਗੁਰਬਾਣੀ ਇਸ ਸੰਸਾਰ ਵਿਚ ਚਾਨਣ ਫੈਲਾਉਂਦੀ ਹੈ - ਇਸ ਵਿਸ਼ੇ ਤੇ ਵਿਸਥਾਰ ਵਿੱਚ ਟਿੱਪਣੀ ਲਿਖੋ।
3. 'ਜਪੁ' ਜੀ ਸਾਹਿਬ ਸਮੁੱਚੀ ਗੁਰਬਾਣੀ ਦੀ ਵਿਚਾਰਧਾਰਾ ਦਾ ਸਾਰ ਹੈ। ਕਿਵੇਂ?





ਸੁਕ੍ਰਿਤ ਟਰੱਸਟ ਵੱਲੋਂ ਪਿਛਲੇ ਕੁਝ ਅਰਸੇ ਤੋਂ "**ਵਡਿਆਈ ਵੀਚਾਰੁ**" ਦੀ ਮੁਹਿੰਮ ਚਲਾਈ ਗਈ ਹੈ। ਇਹ ਲੇਖ ਹਰੇਕ ਪੁਸਤਕ ਵਿੱਚ ਛਾਪ ਰਹੇ ਹਾਂ। ਪਾਠਕ ਜਨ ਇਸ ਦਾ ਲਾਹਾ ਲੈਣ ਤੇ ਆਪਣੇ ਵਿਚਾਰ ਦੱਸਣ।

– ਪ੍ਰਕਾਸ਼ਕ

**ਦੁਖ ਨਿਵਾਰਨ, ਨਾਮ ਧਿਆਵਨ ਅਤੇ ਪ੍ਰਭੂ ਦਰ ਦੇ ਦੀਦਾਰ ਕਰਨ ਹਿਤ**

**ਆਓ! ਨਿਤ-ਨਿਤ ਕਰੀਏ**

## ਵਡਿਆਈ ਵੀਚਾਰੁ

ਜਪੁ ਜੀ ਸਾਹਿਬ ਵਿਚ ਸਾਨੂੰ ਹੁਕਮ ਹੈ:-

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥

ਭਾਵ ਪ੍ਰਭਾਤ ਵੇਲੇ, ਜਦੋਂ ਸਾਡਾ ਮਨ ਸੰਸਾਰਕ ਕੁਫਕੜਿਆਂ ਤੇ ਝਮੇਲਿਆਂ ਤੋਂ ਮੁਕਤ ਹੁੰਦਾ ਹੈ, ਅਜਿਹੇ ਸਮੇਂ ਸਦਾ ਥਿਰ ਰਹਿਣ ਵਾਲੇ ਸਚੇ ਪ੍ਰਭੂ ਦਾ ਨਾਮ ਸਿਮਰੀਏ ਅਤੇ ਉਸ ਦੀਆਂ ਵਡਿਆਈਆਂ ਦੀ ਵੀਚਾਰ ਕਰੀਏ। ਸੋਚੀਏ, ਚਿੰਤਨ ਤੇ ਮਨਨ ਕਰੀਏ ਕਿ ਪ੍ਰਭੂ ਦੇ ਗੁਣ ਕੀ ਕੀ ਹਨ? ਗੁਰਸ਼ਬਦ ਦੇ ਅਰਥ ਕੀ ਹਨ? ਭਾਵ ਅਰਥ ਕੀ ਹਨ? ...

**1. ਵਡਿਆਈ ਵੀਚਾਰੁ ਕੀ ਹੈ?**

ਵੀਚਾਰ ਦਾ ਭਾਵ ਹੁੰਦਾ ਹੈ - ਅਸਲੀਅਤ ਤੱਕ ਪੁੱਜਣ ਦੀ ਕ੍ਰਿਆ। '**ਵਡਿਆਈ ਵੀਚਾਰੁ**' ਭਾਵ ਪ੍ਰਭੂ ਦੀ ਸੋਭਾ ਕਰਨੀ, ਗੁਰਬਾਣੀ ਨੂੰ ਸਮਝਣਾ, ਵੀਚਾਰਨਾ, ਮਨ-ਬੁਧਿ ਦੇ ਤਲ ਤੋਂ ਹੋਰ ਗਹਿਰਾ ਜਾ ਕੇ ਅਨੁਭਵ ਦੀ ਅਵਸਥਾ ਤੇ ਬਾਣੀ ਦੇ ਅਰਥਾਂ ਰਾਹੀਂ ਸਚੇ ਪ੍ਰਭੂ ਦਾ ਗੁਣਗਾਨ ਕਰਨਾ, ਸਮਝ-ਸਮਝ ਕੇ ਸਿਫਤਿ ਸਾਲਾਹ ਕਰਨੀ।

**2. ਵਡਿਆਈ ਵੀਚਾਰੁ ਕਿਉਂ ਜਰੂਰੀ ਹੈ?**

ਸਾਨੂੰ ਹੁਕਮ ਹੈ ਕਿ ਅੰਮ੍ਰਿਤ ਵੇਲੇ **ਵਡਿਆਈ ਵੀਚਾਰੁ** ਕਰੋ। ਅੱਜ ਅਸੀਂ ਅੰਮ੍ਰਿਤ ਵੇਲੇ ਕੀਰਤਨ ਕਰਦੇ ਹਾਂ, ਸੁਣਦੇ ਹਾਂ, ਨਿਤਨੇਮ ਦੇ ਪਾਠ ਕਰਦੇ ਹਾਂ, 'ਆਸਾ ਕੀ ਵਾਰ' ਦਾ ਕੀਰਤਨ ਕਰਦੇ ਹਾਂ ਪਰ **ਵਡਿਆਈ ਵੀਚਾਰੁ** ਤਾਂ ਕਰਦੇ ਹੀ ਨਹੀਂ।

ਚਾਹੀਦਾ ਤਾਂ ਇਹ ਸੀ ਕਿ ਕੀਰਤਨ ਰਾਹੀਂ, ਨਿਤਨੇਮ ਰਾਹੀਂ ਵਡਿਆਈ ਵੀਚਾਰੁ

ਕੀਤੀ ਜਾਂਦੀ ਪਰ ਸੱਚ ਇਹ ਹੈ ਕਿ ਸ਼ਬਦ ਗਾਏ ਜਾ ਰਹੇ ਹਨ, ਸੁਣੇ ਜਾ ਰਹੇ ਹਨ, ਪਾਠ ਕੀਤੇ ਜਾਂਦੇ ਹਨ ਪਰ ਵਡਿਆਈ ਵੀਚਾਰੁ ਨਹੀਂ ਹੋ ਰਹੀ। ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਅਸੀਂ ਕੀ ਪੜ੍ਹ ਰਹੇ ਹਾਂ? ਕੀ ਗਾ ਰਹੇ ਹਾਂ? ਕੀ ਸੁਣ ਰਹੇ ਹਾਂ? ਅੰਤਰੀਵ ਭਾਵ ਕੀ ਹਨ?

### 3. ਇੱਕ ਸਫਲ ਤਜ਼ਰਬਾ – ਇੱਕ ਢੰਗ

ਪਿਛਲੇ ਕੁੱਝ ਸਮੇਂ ਤੋਂ ਲੁਧਿਆਣਾ ਵਿਖੇ 5-6 ਵੀਰਾਂ/ਭੈਣਾਂ ਵੱਲੋਂ 'ਵਡਿਆਈ ਵੀਚਾਰੁ' ਕਰਨ ਦਾ ਇੱਕ ਤਜ਼ਰਬਾ ਕੀਤਾ ਜਾ ਰਿਹਾ ਹੈ। ਕਿਵੇਂ?

1. ਅੰਮ੍ਰਿਤ ਵੇਲੇ ਕੇਵਲ ਅੱਧੇ ਘੰਟੇ ਲਈ ਜੁੜ ਬੈਠਦੇ ਹਨ। ਕੋਈ ਹੋਰ ਉਚੇਚ ਨਹੀਂ ਕਰਦੇ – ਪ੍ਰਕਾਸ਼, ਪ੍ਰਸ਼ਾਦ, ਵਿਛਾਈ...। ਕਿਸੇ ਵੀ ਮੇਜ ਦੇ ਆਲੇ-ਦੁਆਲੇ ਜਾਂ ਜ਼ਮੀਨ ਤੇ ਸਰਕਲ ਬਣਾ ਕੇ ਬੈਠ ਜਾਂਦੇ ਹਨ।
2. ਸਭਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ ਦੀ ਇੱਕ ਇੱਕ ਪੋਥੀ ਦੇ ਦਿੰਦੇ ਹਨ।
3. ਲੜੀਵਾਰ ਇੱਕ-ਇੱਕ ਸ਼ਬਦ ਦੇ ਅਰਥ ਕੋਈ ਇੱਕ ਵੀਰ/ਭੈਣ ਪੜ੍ਹਦਾ ਹੈ ਤੇ ਬਾਕੀ ਸੱਜਣ ਕੇਵਲ ਸੁਣਦੇ ਹੀ ਨਹੀਂ ਸਗੋਂ ਸੁਆਲ ਵੀ ਪੁਛਦੇ ਹਨ ਤੇ ਆਪਣੇ ਵੀਚਾਰ ਵੀ ਦਸਦੇ ਹਨ।
4. ਲੋੜ ਪੈਣ ਤੇ ਸਟੀਕਾਂ ਵਿਚ ਔਖੇ ਸ਼ਬਦਾਂ ਦੇ ਅਰਥ underline ਕਰ ਲੈਂਦੇ ਹਨ ਜਾਂ ਆਪਣੇ ਨੋਟਸ ਵੀ ਨਾਲ-ਨਾਲ ਲਿਖ ਲੈਂਦੇ ਹਨ।
5. ਕੇਵਲ ਇੱਕ ਵੀਰ ਹੀ ਨਹੀਂ ਬੋਲਦਾ ਰਹਿੰਦਾ ਸਗੋਂ ਸਾਰੇ ਵਿਚਾਰ ਸਾਂਝੇ ਕਰਦੇ ਹਨ ਤੇ ਇਹ ਚਰਚਾ ਦਾ ਰੂਪ ਬਣ ਜਾਂਦਾ ਹੈ। ਹਾਂ, ਕੋਈ ਇੱਕ ਕੋਆਰਡੀਨੇਟਰ ਦੇ ਤੌਰ ਤੇ ਸਮੁੱਚੀ ਵਿਚਾਰ ਨੂੰ ਠੀਕ ਦਿਸ਼ਾ ਵੱਲ ਚਲਾਂਦਾ ਰਹਿੰਦਾ ਹੈ।
6. ਸਮਾਂ ਅੱਧਾ ਘੰਟਾ ਤੋਂ ਨਹੀਂ ਵਧਾਂਦੇ ਕਿਉਂਕਿ ਸਵੇਰ ਵੇਲੇ ਸਭਨਾਂ ਨੇ ਆਪੋ ਆਪਣੀ ਕਿਰਤ-ਵਿਰਤ ਲਈ ਵੀ ਜਾਣਾ ਹੁੰਦਾ ਹੈ। ਸਾਰੇ ਵੀਰ/ਭੈਣ ਅੰਮ੍ਰਿਤ ਵੇਲੇ ਨਿਤਨੇਮ ਆਪੋ ਆਪਣਾ ਕਰਕੇ ਆਉਂਦੇ ਹਨ ਜਾਂ ਲੇਟ ਹੋਣ ਤੇ ਆਪਣੇ ਘਰ ਜਾ ਕੇ ਸੰਪੂਰਨ ਕਰਦੇ ਹਨ।
7. **ਵਡਿਆਈ ਵੀਚਾਰੁ** ਦੀ ਆਰੰਭਤਾ 5 ਵਾਰੀ ਸ਼ਰਧਾ ਤੇ ਵੀਚਾਰ ਸਹਿਤ **ਮੁਸਕੁਰਾ-ਮੁਸਕੁਰਾ ਕੇ** ਮੂਲਮੰਤਰ ਤੇ ਗੁਰਮੰਤਰ ਦੇ ਜਾਪ ਕਰਕੇ ਕੀਤੀ ਜਾਂਦੀ ਹੈ।
8. ਕੁਝ ਮਿੰਟਾਂ ਲਈ ਪਿਛਲੇ ਦਿਨ ਦੀ ਕੀਤੀ ਵਿਚਾਰ ਦੀ ਪੁਨਰ ਚਰਚਾ (revision) ਕਰਦੇ ਹਨ ਫਿਰ ਨਵੇਂ ਸ਼ਬਦ ਦੀ ਵੀਚਾਰ ਕਰਦੇ ਹਨ। ਅੱਜਕਲ 22 ਵਾਰਾਂ ਦੀ ਲੜੀਵਾਰ ਵੀਚਾਰ ਚੱਲ ਰਹੀ ਹੈ। 'ਸਿਰੀਰਾਗ ਕੀ ਵਾਰ', 'ਮਾਝ ਕੀ ਵਾਰ', 'ਗੂਜਰੀ ਕੀ ਵਾਰ ਮਹਲਾ 4' ਤੇ 'ਗੂਜਰੀ ਕੀ ਵਾਰ ਮਹਲਾ 5' ਦੀ ਵੀਚਾਰਾਂ ਉਪਰੰਤ ਹੁਣ 'ਆਸਾ ਕੀ ਵਾਰ' ਦੀ ਵੀਚਾਰ





ਚਲ ਰਹੀ ਹੈ।

ਇਹਨਾਂ **ਸਭਨਾਂ ਦਾ ਰੋਜ਼ਾਨਾ ਦਾ ਭੋਜਨ ਬਣ ਗਿਆ ਹੈ ਕਿ ਨਵਾਂ ਗਿਆਨ ਮਿਲੇ, ਨਵੀਂ ਗੱਲ ਸਮਝ ਆਵੇ।**

### ਅਨੁਭਵ

ਇੰਝ ਵੱਖ-ਵੱਖ ਮੈਂਬਰਾਂ ਨੂੰ ਕਮਾਲ ਦੇ ਅਨੁਭਵ ਹੋ ਰਹੇ ਹਨ, ਜਿਵੇਂ:-

· **ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥**
**ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥** (ਅੰਗ ੮੮)

ਕਮਾਲ! ਕਮਾਲ!! ਸਮਝ ਆਈ ਕਿ ਸ਼ਬਦ ਦੀ ਵੀਚਾਰ ਕਰਨੀ ਵੀ ਸਤਿਗੁਰ ਦੀ ਸੇਵਾ ਹੈ। ਵੀਚਾਰੁ ਹੀ ਸਤਿਗੁਰ ਦੀ ਸੇਵਾ ਹੈ ਅਤੇ ਜਦ ਤਕ ਵੀਚਾਰੁ ਨਹੀਂ ਕੀਤੀ ਤਦ ਤੱਕ ਅੰਦਰ ਗਿਆਨ ਨਹੀਂ ਆਇਗਾ, ਚਾਨਣ ਨਹੀਂ ਹੋਏਗਾ ਤੇ ਇਉਂ ਜਾਣੀਏ ਕਿ ਜੀਓਂਦੇ ਜੀਅ ਮਰੇ ਵਾਂਗ ਹੋਵਾਂਗੇ। ਕੋਈ ਚਾਅ ਨਹੀਂ, ਅਨੰਦ ਨਹੀਂ, ਹਰ ਵੇਲੇ ਚਿੰਤਾ, ਘਬਰਾਹਟ, ਤੌਖਲਾ...। **ਵਡਿਆਈ ਵੀਚਾਰੁ** ਰਾਹੀਂ ਟਿਕਾਅ ਤੇ ਸਹਿਜ ਦੀਆਂ ਬਖਸ਼ਿਸ਼ਾਂ ਹੋਣਗੀਆਂ।

### ਮਾਇਆਧਾਰੀ ਅਤਿ ਅੰਨਾ ਬੋਲਾ...

ਮੈਂ ਹਾਲੀ ਤੱਕ ਇਹੀ ਸਮਝਦਾ ਸੀ ਕਿ ਜਿਸਦੇ ਕੋਲ ਬਹੁਤੀ ਮਾਇਆ ਹੁੰਦੀ ਹੈ ਓਹੀ ਅੰਨ੍ਹਾ ਤੇ ਬੋਲਾ ਹੁੰਦਾ ਹੈ। ਪਰ ਇਥੇ ਮਾਇਆਧਾਰੀ ਦਾ ਮਤਲਬ ਹੈ ਜਿਸਦੇ ਮਨ ਵਿਚ ਮਾਇਆ ਦਾ ਪਿਆਰ ਹੈ, ਮੋਹ ਹੈ। ਇੱਕ ਗਰੀਬ ਵੀ ਮਾਇਆਧਾਰੀ ਹੋ ਸਕਦਾ ਹੈ ਜੇਕਰ ਮਾਇਆ ਦੀ ਮਮਤਾ ਵੱਸ ਉਹ ਗੁਰੂ ਕਾ ਸ਼ਬਦ ਨਹੀਂ ਸੁਣਦਾ ਅਤੇ ਸਮਝਦਾ।

### ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥

ਪਹਿਲਾਂ ਸੋਚਦੇ ਸੀ ਕਿ ਜੀਵ ਨੰਗਾ ਆਇਆ ਹੈ ਤੇ ਨੰਗਾ ਹੀ ਇਸ ਸੰਸਾਰ ਤੋਂ ਚਲਾ ਜਾਏਗਾ।ਪਰ ਵਡਿਆਈ ਵੀਚਾਰ ਕਰਕੇ ਪਤਾ ਲਗਾ ਕਿ ਇਥੇ ਨੰਗਾ ਹੋਣ ਦਾ ਮਤਲਬ ਇਹ ਨਹੀਂ ਉਸਦੇ ਕੱਪੜੇ ਉਤਾਰ ਦਿਤੇ ਗਏ ਸਗੋਂ ਉਸਦੇ ਅਵਗੁਣਾਂ ਤੋਂ ਪਰਦੇ ਉਠਾ ਦਿਤੇ। ਉਸਦੇ ਅਵਗੁਣ ਜਦ ਸਭ ਨੂੰ ਦਿੱਸੇ ਤਾਂ ਉਹ ਭਿਆਨਕ ਤੇ ਡਰਾਉਣਾ ਪ੍ਰਤੀਤ ਹੋਣ ਲੱਗ ਪਿਆ।

### ਪੂਰਬਲੇ ਕਰਮ

ਮੈਂ ਹਾਲੀ ਤੱਕ ਸਮਝਦਾ ਸੀ ਕਿ ਪੂਰਬਲੇ ਕਰਮਾਂ ਦਾ ਅਰਥ ਹੈ ਪਿਛਲੇ ਜਨਮ ਵਿੱਚ

ਕੀਤੇ ਕਰਮ। ਪਰ ਵਡਿਆਈ ਵੀਚਾਰ ਰਾਹੀਂ ਸੋਝੀ ਪਈ ਕਿ ਜੋ ਕਰਮ ਮੈਂ ਪਿਛਲੇ ਸਾਲ ਕੀਤੇ, ਕਲ ਕੀਤੇ ਜਾਂ ਹੁਣ ਤੋਂ ਦੋ-ਚਾਰ ਸੈਕਿੰਡ ਪਹਿਲਾਂ ਕੀਤੇ ਉਹ ਵੀ ਪੂਰਬਲੇ ਕਰਮ ਹਨ।

- **ਵਡਿਆਈ ਵੀਚਾਰੁ** ਨਾਲ ਮੇਰੀ ਆਤਮਾ ਬਲਵਾਨ ਹੋ ਗਈ ਹੈ। ਪਹਿਲਾਂ ਨਿੱਕੀ ਨਿੱਕੀ ਗੱਲ ਤੇ ਮੈਂ ਡੋਲ ਜਾਂਦੀ ਸੀ ਪਰ ਹੁਣ ਸਹਿਜੇ-ਸਹਿਜੇ ਸਹਿਜ ਆ ਰਿਹਾ ਹੈ ।
- **ਵਡਿਆਈ ਵੀਚਾਰੁ** ਰਾਹੀਂ ਮੇਰਾ ਮਨ ਵਿਕਾਰਾਂ ਵਾਲੇ ਪਾਸੇ ਜਾਣ ਤੋ ਬਚਿਆ ਰਹਿੰਦਾ ਹੈ। ਸਾਰਾ ਦਿਨ ਵਡਿਆਈ ਵੀਚਾਰੁ ਦੌਰਾਨ ਵਿਚਾਰਿਆ, ਸਮਝਿਆ ਕੋਈ ਨ ਕੋਈ ਫੁਰਮਾਨ ਗੁਣ ਗੁਣਾਂਦੇ ਰਹੀਦਾ ਹੈ ਸੋ ਖੇੜਾ ਬਣਿਆ ਰਹਿੰਦਾ ਹੈ। ਦਿਲ ਕਰਦੈ ਜਿੰਨੇ ਸੁਆਸ ਹਨ, ਹੁਣ ਤਾਂ ਵਡਿਆਈ ਵੀਚਾਰੁ ਕਦੇ ਨਾ ਛਡੀਏ। ਵੇਕਾਰੀ ਵੇੜਿਆ ਮਨ ਵੀ ਕਾਬੂ ਵਿਚ ਆਉਣ ਲੱਗ ਪਿਆ ਹੈ।
- **ਵਡਿਆਈ ਵੀਚਾਰੁ** ਰਾਹੀਂ ਮੈਨੂੰ ਆਪਣੀਆਂ ਗਲ਼ਤੀਆਂ ਪਤਾ ਲੱਗ ਰਹੀਆਂ ਹਨ। ਪਹਿਲਾਂ ਲੱਗਦਾ ਸੀ ਕਿ ਮੈਂ ਬਹੁਤ ਕੁਝ ਜਾਣਦੀ ਹਾਂ ਪਰ ਹੁਣ ਮੈਨੂੰ ਲੱਗਦਾ ਹੈ ਕਿ ਮੈਨੂੰ ਤਾਂ ਕੁਝ ਵੀ ਨਹੀਂ ਪਤਾ । ਪਹਿਲਾਂ ਮੇਰਾ ਸ਼ੀਸ਼ਾ ਧੁੰਦਲਾ ਸੀ, ਹੁਣ ਸਾਫ ਹੋ ਰਿਹਾ ਹੈ ।
- **ਵਡਿਆਈ ਵੀਚਾਰੁ** ਕੀਤੇ ਬਿਨਾਂ ਪਹਿਲਾਂ ਜਦ ਵੀ ਪਾਠ ਕਰਦਿਆਂ 'ਮਨਮੁਖ' ਸ਼ਬਦ ਆਉਂਦਾ ਸੀ ਤੇ ਧਿਆਨ ਦੁਜਿਆਂ ਵੱਲ ਜਾਦਾ ਸੀ ਕਿ ਫਲਾਂ-ਫਲਾਂ ਤਾਂ 'ਮਨਮੁਖ' ਹੈ। ਪਰ ਹੁਣ ਲੱਗਦਾ ਮੇਰੇ ਆਪਣੇ ਵਿਚ ਹੀ ਕਿੰਨੇ ਅਉਗਣ ਹਨ।
- ਅੰਮ੍ਰਿਤ ਵੇਲੇ ਨਵਾਂ ਗਿਆਨ ਪ੍ਰਾਪਤ ਕਰਨ ਦੀ ਭੁੱਖ ਲੱਗਣ ਲੱਗ ਪਈ ਹੈ। ਮਨ ਨਾਲ ਝਗੜਾ ਸ਼ੁਰੂ ਹੋ ਗਿਆ ਹੈ। ਸਾਰਾ ਦਿਨ ਚੰਗੇ-ਮਾੜੇ ਦੀ ਵੀਚਾਰ ਚਲਦੀ ਰਹਿੰਦੀ ਹੈ ਤੇ ਆਪਣੀਆਂ ਗਲਤੀਆਂ ਦਾ ਅਹਿਸਾਸ ਤੁਰੰਤ ਹੋਣ ਲਗ ਪਿਆ ਹੈ।
- **ਵਡਿਆਈ ਵੀਚਾਰੁ** ਰਾਹੀਂ ਅਨੁਭਵ ਹੋ ਰਿਹਾ ਹੈ ਕਿ ਪ੍ਰਭੂ ਦੇ ਗੁਣਾਂ ਦੀ ਵੀਚਾਰ ਅਸੀਂ ਇਸ ਲਈ ਕਰਦੇ ਹਾਂ ਕਿ ਹੌਲੀ-ਹੌਲੀ ਉਹ ਗੁਣ ਸਾਡੇ ਅੰਦਰ ਵੀ ਵਸ ਜਾਣ। ਅਸਲ ਗੱਲ ਇਹ ਨਹੀਂ ਕਿ ਅਸੀਂ ਕਿੰਨੇ ਘੰਟੇ ਪਾਠ ਜਾ ਸਿਮਰਨ ਕੀਤਾ ਹੈ ਬਲਕਿ ਇਹ ਹੈ ਕਿ ਇੰਝ ਕਰਨ ਨਾਲ ਸਾਡੇ ਮਨ ਵਿਚ ਕਿੰਨੀ ਤਬਦੀਲੀ ਆਈ ਹੈ। ਹਰ ਪਲ, ਹਰ ਦਿਨ ਸਾਡਾ ਟੈਸਟ ਹੁੰਦਾ ਰਹਿੰਦਾ ਹੈ ।
- ਮਨ ਵਿਚ ਚਾਨਣ ਹੋ ਰਿਹਾ ਹੈ ਕਿ ਆਪਣੇ ਵਲੋਂ ਜੋ ਚੰਗਾ ਕਰ ਸਕਦੇ ਹੋ ਕਰ ਲਵੋ ਪਰ ਨਿਰਣਾ ਜੋ ਵੀ ਹੋਵੇ ਉਸਨੂੰ ਮਿੱਠਾ ਕਰਕੇ ਮੰਨੋ। **ਹੁਕਮ ਨੂੰ ਮਜ਼ਬੂਰੀ ਵੱਸ ਨਹੀਂ, ਮਨਹਠ ਨਾਲ ਨਹੀਂ ਸਗੋਂ ਖੁਸ਼ੀ ਨਾਲ ਮੰਨ ਲਈਏ।**





- ਹੁਣ ਜਦ ਵੀ ਗੁਰਦੁਆਰੇ ਜਾਂਦੇ ਹਾਂ ਜਾਂ ਪਾਠ ਕਰਦੇ ਹਾਂ ਤਾਂ ਉਠਣ ਲੱਗਿਆਂ ਜ਼ਰੂਰ ਇਹ ਵੀਚਾਰ ਚੱਲਦੀ ਹੈ ਅੱਜ ਮੈਂ ਕਿਹੜੀ ਨਵੀਂ ਗੱਲ ਸਿੱਖੀ ਹੈ, ਕੋਈ ਨ ਕੋਈ ਨਵੀਂ ਗੱਲ ਪੱਲੇ ਜ਼ਰੂਰ ਬੰਨ੍ਹਣੀ ਹੈ ।
- ਇਹ ਕਿੰਨੀ ਚੰਗੀ ਗੱਲ ਹੈ ਕਿ ਗੁਰੂ ਸਾਹਿਬ ਨੇ ਸਾਨੂੰ ਕੇਵਲ ਬੈਠ ਕੇ ਭਗਤੀ ਕਰਨ ਲਈ ਨਹੀਂ ਕਿਹਾ ਸਗੋਂ ਕੰਮ ਕਰਦਿਆਂ ਵੀ ਅਸੀਂ ਭਗਤੀ ਕਰ ਸਕਦੇ ਹਾਂ। **ਸ਼ਬਦ ਦੀ ਵੀਚਾਰ ਕਰਨੀ ਹੀ 'ਤੀਰਥ ਨਾਵਣ' ਹੈ।** ਰਾਮ ਦੇ ਦਾਸਾਂ ਦੀ ਸੰਗਤ ਕਰਨੀ ਹੀ 'ਰਾਮਦਾਸ ਸਰੋਵਰ ਨਾਤੇ' ਹੈ।
- **ਵਡਿਆਈ ਵੀਚਾਰੁ** ਰਾਹੀਂ ਫੁਰਨਾ ਫੁਰਿਆ ਹੈ ਕਿ ਅਸੀਂ ਥੋੜ੍ਹਾ ਬੋਲੀਏ, ਹੋਲੀ ਬੋਲੀਏ, ਠੀਕ ਬੋਲੀਏ।

ਆਪ ਸਭਨਾਂ ਨੂੰ ਬਿਨੈ ਹੈ ਕਿ ਆਓ, ਅਸੀਂ ਵੀ ਆਪੋ ਆਪਣੇ ਇਲਾਕੇ ਵਿਚ ਅਜਿਹਾ ਉਪਰਾਲਾ ਕਰੀਏ। ਹਰ ਰੋਜ਼ ਅੰਮ੍ਰਿਤ ਵੇਲੇ **ਸ਼ਬਦ ਦੀ ਵਿਚਾਰ ਕਰੀਏ, ਵਡਿਆਈ ਵੀਚਾਰ ਕਰੀਏ - ਜੀਵਨ ਅਨੰਦ ਨਾਲ ਭਰ ਜਾਵੇਗਾ।** ਗੁਰਬਾਣੀ ਰੂਪੀ ਸਮੁੰਦਰ ਦੇ ਕੰਢੇ ਹੀ ਨਾ ਬੈਠੇ ਰਹੀਏ ਸਗੋਂ ਚੁੱਭੀਆਂ ਲਾਈਏ, ਹੋਰ ਡੂੰਘੇ, ਹੋਰ ਡੂੰਘੇ ਚੁੱਭੀ ਲਾਈਏ - ਵੱਧ, ਹੋਰ ਵੱਧ ਗਿਆਨ ਰੂਪੀ ਰਤਨ, ਜਵਾਹਰ, ਮਾਣਿਕ, ਮੋਤੀ ਮਿਲਣਗੇ।

**ਵਿਸ਼ੇਸ਼ ਨੋਟ** : - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਦਾ ਟੀਕਾ/ਸਟੀਕ ਵਰਤਨ ਲਈ ਆਪ ਜੀ **ਪ੍ਰੋ: ਸਾਹਿਬ ਸਿੰਘ ਰਚਿਤ - ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਜਾਂ ਭਾਈ ਵੀਰ ਸਿੰਘ** ਜੀ ਰਚਿਤ ਟੀਕਾ ਜਾਂ ਕੋਈ ਵੀ ਹੋਰ ਗੁਰਮਤਿ ਅਨੁਸਾਰੀ ਟੀਕਾ ਵਰਤ ਸਕਦੇ ਹੋ। **ਅਸਲ ਨਿਸ਼ਾਨਾ ਹੈ - 'ਵਿਚਾਰਾਂ ਰਾਹੀਂ ਅਨੁਭਵ ਤੱਕ ਪੁੱਜਣਾ'**

## ਜੋਦੜੀ - ਲੇਖਕ ਵਲੋਂ

ਗੁਰੂ ਸਾਹਿਬ ਨੇ ਗੁਰਬਾਣੀ ਪੜ੍ਹਣ ਦਾ, ਵੀਚਾਰਨ ਦਾ, ਹੁਕਮ ਕੀਤਾ ਹੈ ਪਰ ਅਸੀਂ ਅੱਜ ਅਖੰਡ ਪਾਠ ਜਾਂ ਸਹਿਜ ਪਾਠ ਕਰਾਉਣ ਲੱਗ ਪਏ ਹਾਂ। **'ਪਾਠ ਕਰਨਾ' ਤੇ 'ਪਾਠ ਕਰਾਨਾ'** ਵਿੱਚ ਇਕ ਕੰਨਾ (ਾ) ਹੀ ਫਾਲਤੂ ਹੈ ਜੋ 'ਰ' ਅੱਖਰ ਨੂੰ ਲੱਗਿਆ ਹੋਇਆ ਹੈ। ਇਸ ਨਿੱਕੇ ਜਿਹੇ ਕੰਨੇ ਨੇ ਕੌਮ ਵਿੱਚ ਇਕ ਦੋਸ਼ ਲੈ ਆਂਦਾ ਹੈ। ਨਿੱਤ ਦਿਹਾੜੇ ਕਈ ਪਾਠੀਆਂ ਦੀਆਂ ਕਮੀਆਂ ਸੁਣਨ ਨੂੰ ਮਿਲਦੀਆਂ ਹਨ। **ਆਓ ਨਿਸ਼ਚਾ ਕਰੀਏ ਕਿ ਅਸੀਂ ਸਾਰੇ ਹੀ ਗੁਰੂ ਚਰਨੀਂ ਲੱਗਾਂਗੇ ਅਤੇ ਆਪ ਸਹਿਜ ਪਾਠ ਕਰਿਆ ਕਰਾਂਗੇ।** ਸਮੁੱਚਾ ਸਹਿਜ ਪਾਠ ਸੰਪੂਰਨ ਕਰਨ ਦੇ ਸਫ਼ਰ ਦੇ ਅਨੁਭਵਾਂ ਨੂੰ ਜ਼ਰੂਰ ਨੋਟ ਕਰਨਾ, ਸਾਂਝੇ ਕਰਨਾ ਤਾਂ ਜੋ ਹੋਰਨਾਂ ਜਿਗਿਆਸੂਆਂ ਦਾ ਮਾਰਗ ਰੁਸ਼ਨਾ ਸਕੇ।

ਜਪੁ ਜੀ ਸਾਹਿਬ ਸਮੁੱਚੀ ਗੁਰਬਾਣੀ ਦਾ ਸਾਰ ਹੈ। ਜੇ ਕੋਈ ਵੀ ਜਿਗਿਆਸੂ 'ਜਪੁ' ਜੀ ਸਾਹਿਬ ਨੂੰ ਧਿਆਨ ਨਾਲ ਵਿਚਾਰ ਲਵੇਗਾ, ਉਸ ਨੂੰ ਬਾਣੀ ਦੀ ਸਮੁੱਚੀ ਵਿਚਾਰਧਾਰਾ ਸਪੱਸ਼ਟ ਹੋ ਜਾਵੇਗੀ ਤੇ ਉਹ ਕਦੇ ਵੀ ਭੁਲੇਖਾ ਨਹੀਂ ਖਾਏਗਾ। **ਬਾਣੀ ਦੀ ਵਿਚਾਰ ਸਾਡੇ ਅੰਦਰ ਆਤਮਿਕ ਬਲ ਪੈਦਾ ਕਰੇਗੀ ਅਤੇ ਹਰ ਮਾਰਗ ਤੇ ਪੱਥ ਰੁਸ਼ਨਾਏਗੀ।**

ਇਸ ਪੁਸਤਕ ਦੀਆਂ ਹੁਣ ਤੱਕ ਕੁਲ 15 ਐਡੀਸ਼ਨਾਂ ਛਾਪ ਚੁੱਕੀਆਂ ਹਨ। ਕੁਲ ਇੱਕ ਲੱਖ 35 ਹਜ਼ਾਰ ਤੋਂ ਵੱਧ ਕਿਤਾਬਾਂ 8 ਸਾਲਾਂ ਵਿੱਚ ਸੰਗਤਾਂ ਤੱਕ ਪਹੁੰਚ ਚੁੱਕੀਆਂ ਹਨ। ਸੋ ਇਹ ਕਹਿਣਾ ਗਲ਼ਤ ਹੈ ਕਿ ਸਾਡੇ ਵਿੱਚ ਪੜ੍ਹਨ ਦੀ ਰੁਚੀ ਨਹੀਂ ਹੈ। ਜੇਕਰ ਕੋਈ ਚੰਗੀ ਚੀਜ਼, ਚੰਗੀ ਪ੍ਰਿੰਟਿੰਗ ਵਿੱਚ, ਵਾਜਬ ਰੇਟ ਤੇ ਛਾਪੀ ਜਾਵੇ ਤਾਂ ਜ਼ਰੂਰ ਪੜ੍ਹੀ ਜਾਂਦੀ ਹੈ।

ਇਸ ਐਡੀਸ਼ਨ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਪੰਜਾਬੀ ਦੇ ਕੁਝ ਸ਼ਬਦਾਂ ਦੇ ਅਰਥ ਅੰਗਰੇਜ਼ੀ ਭਾਸ਼ਾ ਵਿੱਚ ਵੀ ਦਰਜ ਕੀਤੇ ਹਨ। ਨਾਲ ਹੀ ਕੁਝ ਟੇਬਲ ਤੇ ਸਕੈਚ ਵੀ ਬਣਾਏ ਹਨ ਤਾਂ ਜੋ ਬਾਣੀ ਦੀ ਵਿਚਾਰ ਮਨਾਂ ਤੇ ਉੱਕਰ ਜਾਵੇ।

ਪੁਸਤਕ ਦੀ ਤਿਆਰੀ ਵਿੱਚ ਵਡਿਆਈ ਵੀਚਾਰੁ ਕਰਨ ਵਾਲੀ ਸੰਗਤ ਅਤੇ ਨੌਜਵਾਨ ਵਿਦਿਆਰਥੀਆਂ ਨੇ ਅਨਮੋਲ ਸੁਝਾਅ ਵੀ ਦਿੱਤੇ ਤੇ ਪਰੂਫ ਰੀਡਿੰਗ ਵੀ ਕੀਤੀ। ਇਹਨਾਂ ਵਿੱਚ ਸ਼ਾਮਿਲ ਹਨ - ਹਰਸ਼ਪ੍ਰੀਤ ਕੌਰ (B.Com II), ਗੁਰਮੀਤ ਸਿੰਘ (B.Tech III), ਜਸਲੀਨ ਕੌਰ (11) ਤੇ ਜਸਜੋਤ ਸਿੰਘ (8). ਸਮੂਹ ਸੰਗਤ ਦੇ ਚਰਨਾਂ ਵਿੱਚ ਦੁਇ ਕਰ ਬੇਨਤੀ ਹੈ ਕਿ ਪੁਸਤਕ ਵਿਚਲੀਆਂ ਭੁਲਾਂ, ਤਰੁੱਟੀਆਂ ਜ਼ਰੂਰ ਦੱਸਣਾ ਤੇ ਸੁਧਾਈ ਕਰਵਾਉਣੀ।

- ਰੇਣੁਕਾ ਸਰਬਜੀਤ ਸਿੰਘ